ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

Since April 2005 | Editor : Sharanjit Singh Thind | Weekly

Vol. 20 Issue 42 Friday December 10 to December 17, 2021 www.PUNJABIDUNIYA.com Published Weekly from New York

Thinking of Buying/Selling ?

WINZONE REALTY INC.



Baldev Singh

Associate Broker/Notary Public

146-20 34 av. Flushing NY 11354

Cell : 917-224-7395

Email : josanbaldev@yahoo.com



# ਬਿਪਿਨ ਰਾਵਤ ਦਾ ਹੈਲੀਕਾਪਟਰ ਹਾਦਸੇ ਵਿਚ ਦੇਹਾਂਤ

## ਮੈਂ ਆਪਣੇ ਅੱਖੀਂ ਇੱਕ ਬੰਦੇ ਨੂੰ ਅੱਗ ਵਿਚ ਸੜਦੇ ਤੇ ਜ਼ਮੀਨ ਉੱਤੇ ਡਿੱਗਦੇ ਦੇਖਿਆ

ਭਾਰਤੀ ਫੌਜਾਂ ਦੇ ਚੀਫ਼ ਆਫ਼ ਡਿਫੈਂਸ ਸਟਾਫ (ਸੀਡੀਐੱਸ) ਜਨਰਲ ਬਿਪਿਨ ਰਾਵਤ ਨੂੰ ਲੈ ਕੇ ਜਾ ਰਿਹਾ ਹਵਾਈ ਫੌਜ ਦਾ ਹੈਲੀਕਾਪਟਰ ਅੱਜ ਤਾਮਿਲਨਾਡੂ ਦੇ ਕੂਨੂਰ ਨੇੜੇ ਹਾਦਸਾਗ੍ਰਸਤ ਹੋ ਗਿਆ।

ਭਾਰਤੀ ਹਵਾਈ ਫੌਜ ਨੇ ਟਵੀਟ ਕਰਕੇ ਜਾਣਕਾਰੀ ਦਿੱਤੀ ਹੈ ਕਿ ਜਨਰਲ ਬਿਪਿਨ ਰਾਵਤ, ਸ਼੍ਰੀਮਤੀ ਮਧੁਲਿਕਾ ਰਾਵਤ ਅਤੇ ਜਹਾਜ਼ ਵਿੱਚ ਸਵਾਰ 11 ਹੋਰ ਵਿਅਕਤੀਆਂ ਦੀ ਇਸ ਮੰਦਭਾਗੀ ਦੁਰਘਟਨਾ ਵਿੱਚ ਮੌਤ ਹੋ ਗਈ ਹੈ।

ਹੈਲੀਕਾਪਟਰ ਸੁਲੂਰ ਦੇ ਆਰਮੀ ਬੇਸ ਤੋਂ ਉੱਡਿਆ ਸੀ ਅਤੇ ਸੀਡੀਐੱਸ ਨੂੰ ਵਲਿੰਗਟਨ ਆਰਮੀ ਬੇਸ ਲੈ ਕੇ ਜਾ ਰਿਹਾ ਸੀ। ਖ਼ਬਰ ਏਜੰਸੀ ਏਐਨਆਈ ਮੁਤਾਬਕ ਹਾਦਸੇ ਵਾਲੀ ਥਾਂ ਤੋਂ ਮਿਲੀਆਂ ਲਾਸ਼ਾਂ ਨੂੰ ਵਲਿੰਗਟਨ ਦੇ ਮਿਲਟਰੀ ਹਸਪਤਾਲ ਪਹੁੰਚਾਇਆ ਗਿਆ ਹੈ।

ਭਾਰਤੀ ਹਵਾਈ ਫੌਜ ਨੇ ਟਵਿੱਟਰ @ਤੇ ਜਾਣਕਾਰੀ ਦਿੱਤੀ ਕਿ ਇਹ ਹਾਦਸਾ ਗ੍ਰਸਤ ਹੋਇਆ ਹੈਲੀਕਾਪਟਰ Mi-AGVE ਸੀ।

ਹਾਲਾਂਕਿ ਸਰਕਾਰ ਵੱਲੋਂ ਅਜੇ ਤੱਕ ਇਹ ਨਹੀਂ ਦੱਸਿਆ ਗਿਆ ਹੈ ਕਿ ਸੀਡੀਐਸ ਜਨਰਲ ਰਾਵਤ ਦੀ ਹਾਲਤ ਕਿਵੇਂ ਹਨ। ਆਲ ਇੰਡੀਆ ਰੇਡੀਓ ਮੁਤਾਬਕ ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਦੁਰਘਟਨਾ ਬਾਰੇ ਵੀਰਵਾਰ ਨੂੰ ਸੰਸਦ ਵਿਚ ਬਿਆਨ ਦੇ ਸਕਦੇ ਹਨ।

ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਦਿੱਲੀ ਵਿਚ ਕੈਬਨਿਟ ਬੈਠਕ ਤੋਂ ਬਾਅਦ ਦੱਸਿਆ ਕਿ ਤਾਮਿਲਨਾਡੂ ਵਿੱਚ ਹੈਲੀਕਾਪਟਰ ਹਾਦਸੇ ਬਾਰੇ ਸਬੰਧਤ ਮੰਤਰਾਲੇ ਵੱਲੋਂ ਜਾਣਕਾਰੀ ਦਿੱਤੀ ਜਾਵੇਗੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਨਰਲ ਬਿਪਿਨ ਰਾਵਤ ਦੇ ਦੇਹਾਂਤ @ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਟਵਿਟਰ @ਤੇ ਲਿਖਿਆ, ÷ਮੈਨੂੰ ਤਾਮਿਲਨਾਡੂ ਵਿੱਚ ਹੋਏ ਹੈਲੀਕਾਪਟਰ ਕ੍ਰੈਸ਼ ਨੂੰ ਲੈ ਕੇ ਬਹੁਤ ਦੁੱਖ ਹੈ, ਜਿਸ ਵਿੱਚ ਅਸੀਂ ਜਨਰਲ ਬਿਪਿਨ ਰਾਵਤ, ਉਨ੍ਹਾਂ ਦੀ ਪਤਨੀ ਅਤੇ ਫੌਜ ਦੇ ਦੂਜੇ ਜਵਾਨਾਂ ਨੂੰ ਗੁਆ ਦਿੱਤਾ ਹੈ।÷ ÷ਉਨ੍ਹਾਂ ਨੇ ਪੂਰੀ ਲਗਨ ਨਾਲ ਭਾਰਤ ਦੀ ਸੇਵਾ ਕੀਤੀ। ਮਰਨ ਵਾਲਿਆਂ ਦੇ ਪਰਿਵਾਰਾਂ ਨਾਲ ਮੇਰੀ ਹਮਦਰਦੀ।÷ਇਸ ਦੌਰਾਨ, ਕਈ ਕੇਂਦਰੀ ਮੰਤਰੀਆਂ, ਵਿਰੋਧੀ ਧਿਰ ਦੇ ਨੇਤਾਵਾਂ ਅਤੇ ਸਾਬਕਾ ਫੌਜੀ ਅਧਿਕਾਰੀਆਂ ਨੇ ਸੋਸ਼ਲ ਮੀਡੀਆ @ਤੇ ਹਾਦਸੇ @ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਚਸ਼ਮਦੀਦ ਨੇ ਅੱਖੀਂ ਡਿੱਠਾ ਹਾਲ ਜੋ ਦੱਸਿਆ ਸਵੇਰ ਦੀ ਗੱਲ ਹੈ ਕਿ ਮੈਂ ਅਤੇ ਚੰਦਰਕੁਮਾਰ ਪਾਣੀ ਦੀ ਟੁੱਟੀ ਹੋਈ ਪਾਇਪ ਠੀਕ ਕਰ ਰਹੇ ਸਾਂ, ਕਿ ਅਚਾਨਕ ਇੱਕ ਜ਼ੋਰਦਾਰ ਅਵਾਜ਼ ਸੁਣਾਈ ਦਿੱਤੀ।@@

ਇਹ ਅਵਾਜ਼ ਇੰਨੀ ਤੇਜ਼ ਸੀ ਕਿ ਬਿਜਲੀ ਦੇ ਪੋਲ ਵੀ ਹਿੱਲ ਗਏ ਸਨ। ਰੁਖ਼ ਝੰਬੇ ਗਏ ਸਨ। ਜਦੋਂ ਅਸੀਂ ਦੇਖਿਆ ਕਿ ਕੀ ਹੋਇਆ ਤਾਂ ਸਾਨੂੰ ਅਸਮਾਨ ਵੱਲ ਉੱਠਦਾ ਧੂੰਆਂ ਦਿਖਾਈ ਦਿੱਤਾ।ਇਹ ਮੰਜ਼ਰ ਤਮਿਲਨਾਡੂ ਦੇ ਕੂੰਨੂਰ ਦਾ ਸੀ, ਜੋ ਇੱਕ ਸਥਾਨਕ ਦਿਹਾੜੀਦਾਰ ਕਾਮੇ ਕ੍ਰਿਸ਼ਨਾਸਵਾਮੀ ਨੇ ਆਪਣੇ ਇੱਕ ਹੋਰ ਸਾਥੀ ਨਾਲ ਜਨਰਲ ਬਿਪਿਨ ਰਾਵਤ ਦੇ ਹੈਲੀਕਾਪਟਰ ਦੇ ਹਾਦਸਾਗ੍ਰਸਤ ਹੋਣ ਸਮੇਂ ਦੇਖਿਆਂ।

ਬਾਕੀ ਸਫ਼ਾ 13 'ਤੇ

N Light

Solid like a Rock

Insurance

Tel : 516 NLIGHT 8 (516 654 4488)

# ਭਾਜਪਾ ਤੇ ਢੀਂਡਸਾ ਧੜੇ ਨਾਲ ਮਿਲ ਕੇ ਸਰਕਾਰ ਬਣਾਵਾਂਗੇ- ਕੈਪਟਨ ਅਮਰਿੰਦਰ ਸਿੰਘ

ਚੰਡੀਗੜ੍ਹ-ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇੱਥੇ ਆਪਣੀ ਨਵੀਂ ਪਾਰਟੀ ਪੰਜਾਬ ਲੋਕ ਕਾਂਗਰਸ ਦੇ ਮੁੱਖ ਦਫ਼ਤਰ ਦਾ ਉਦਘਾਟਨ ਕਰਨ ਮਗਰੋਂ ਦਾਅਵਾ ਕੀਤਾ ਕਿ ਉਹ ਪੰਜਾਬ ’ਚ ਭਾਜਪਾ ਤੇ ਢੀਂਡਸਾ ਧੜੇ ਨਾਲ ਗੱਠਜੋੜ ਕਰ ਕੇ ਅਗਲੀ ਸਰਕਾਰ ਬਣਾਉਣਗੇ. ਉਨ੍ਹਾਂ ਕਿਹਾ ਕਿ ਗੱਠਜੋੜ ਬਾਰੇ ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਨਾਲ ਗੱਲਬਾਤ ਹੋ ਚੁੱਕੀ ਹੈ ਅਤੇ ਹੁਣ ਉਹ ਭਾਜਪਾ ਦੇ ਹੋਰਨਾਂ ਲੀਡਰਾਂ ਨਾਲ ਮੁਲਾਕਾਤ ਕਰਨਗੇ. ਉਨ੍ਹਾਂ ਕਿਹਾ ਕਿ ਅਗਲੀਆਂ ਚੋਣਾਂ ਵਿੱਚ ਤਜਰਬੇਕਾਰਾਂ ਨੂੰ ਟਿਕਟਾਂ ਦਿੱਤੀ ਜਾਵੇਗੀ. ਅਮਰਿੰਦਰ ਨੇ ਕਿਹਾ ਕਿ ਭਾਵੇਂ ਸੀਟਾਂ ਬਾਰੇ ਗੱਲਬਾਤ ਹੋਣੀ ਬਾਕੀ ਹੈ ਪਰ ਉਨ੍ਹਾਂ ਦੀ ਸਮਝ ਹੈ ਕਿ ਜਿਸ ਪਾਰਟੀ ਦਾ ਜੋ ਜਿੱਤਣ ਵਾਲਾ ਹੋਵੇਗਾ, ਉਸ ਨੂੰ ਹੀ ਟਿਕਟ ਦਿੱਤੀ ਜਾਵੇਗੀ. ਉਨ੍ਹਾਂ ਦਾਅਵੇ ਨਾਲ ਕਿਹਾ ਕਿ ਚੋਣਾਂ ਤਾਂ ਉਹ ਜਿੱਤਣਗੇ ਕਿਉਂਕਿ ਸ਼ਹਿਰੀ ਅਤੇ ਪੇਂਡੂ ਵੋਟਰਾਂ ਨੂੰ ਲੈ ਕੇ ਗੱਠਜੋੜ ਲਈ ਚੰਗੀ ਰਿਪੋਰਟ ਸਾਹਮਣੇ ਆ ਰਹੀ ਹੈ. ਉਨ੍ਹਾਂ ਇਹ ਵੀ ਕਿਹਾ ਕਿ ਚੋਣ ਜ਼ਾਬਤਾ ਲੱਗਣ ਮਗਰੋਂ ਉਨ੍ਹਾਂ ਨਾਲ ਕਾਂਗਰਸੀ ਲੀਡਰ ਆਉਣਗੇ. ਹਾਲੇ ਉਹ ਖ਼ੁਲਾਸਾ ਨਹੀਂ ਕਰਨਗੇ ਕਿ ਕਿੰਨੇ ਕਾਂਗਰਸੀ ਲੀਡਰ ਉਨ੍ਹਾਂ ਦੇ ਨਾਲ ਹਨ. ਅਮਰਿੰਦਰ ਨੇ ਕਿਹਾ ਕਿ ਪਾਰਟੀ ਦੀ ਮੈਂਬਰਸ਼ਿਪ ਮੁਹਿੰਮ 10 ਦਿਨਾਂ ਤੋਂ ਸ਼ੁਰੂ ਹੋ ਚੁੱਕੀ ਹੈ ਅਤੇ ਜ਼ਿਲ੍ਹਿਆਂ ਵਿੱਚ ਢਾਂਚਾ ਖੜ੍ਹਾ ਕੀਤਾ ਜਾ ਰਿਹਾ ਹੈ. ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਵਿੱਚ ਕਾਂਗਰਸੀ ਮੈਨੀਫ਼ੈਸਟੋ ਦੇ 92 ਫ਼ੀਸਦੀ ਵਾਅਦੇ ਤਾਂ ਉਨ੍ਹਾਂ ਨੇ ਹੀ ਪੂਰੇ ਕੀਤੇ ਹਨ. ਉਨ੍ਹਾਂ ਨੂੰ ਤਾਂ ਕਾਂਗਰਸ ਸਰਕਾਰ ਦੇ ਇਸਤਿਹਾਰ ਦੇਖ ਕੇ ਹੈਰਾਨੀ ਹੁੰਦੀ ਹੈ ਜੋ ਮਹਿਜ਼ ਡਰਾਮਾ ਹਨ. ਉਨ੍ਹਾਂ ਕਿਹਾ ਕਿ ਪੰਜਾਬ ਵਿੱਚ 2 ਮਹੀਨਿਆਂ ਵਿੱਚ ਹੀ ਭ੍ਰਿਸ਼ਟਾਚਾਰ ਵਧ ਗਿਆ ਹੈ. ਉਨ੍ਹਾਂ ਚੰਨੀ ਵੱਲ ਇਸਾਰਾ ਕਰਦਿਆਂ ਕਿਹਾ ਕਿ ਹੁਣ ਤਾਂ ਉਹ 3 ਮਹੀਨਿਆਂ ਤੋਂ ਬੈਠੇ ਹਨ, ਐੱਸ.ਟੀ.ਐਫ਼ ਦੀ ਰਿਪੋਰਟ ਅਦਾਲਤ ਵਿੱਚ ਖੁੱਲ੍ਹਵਾ ਲੈਣ, ਕੌਣ ਉਨ੍ਹਾਂ ਨੂੰ ਰੋਕ ਰਿਹਾ ਹੈ. ਅਮਰਿੰਦਰ ਸਿੰਘ ਨੇ ‘ਆਪ’ ਬਾਰੇ ਕਿਹਾ ਕਿ ਅਗਰ ਪਾਰਟੀ ਆਪਣੀ ਸਥਿਤੀ ਮਜ਼ਬੂਤ ਦੱਸ ਰਹੀ ਹੈ ਤਾਂ ਉਨ੍ਹਾਂ ਦੇ ਵਿਧਾਇੱਕ ਮੈਦਾਨ ਛੱਡ ਕੇ ਕਿਉਂ ਭੱਜ ਰਹੇ ਹਨ. ਉਨ੍ਹਾਂ ਇਹ ਵੀ ਕਿਹਾ ਤਿੰਨ ਕਾਨੂੰਨ ਰੱਦ ਹੋ ਚੁੱਕੇ ਹਨ ਅਤੇ ਐਮ.ਐੱਸ.ਪੀ ਦੇ ਮਾਮਲੇ ’ਤੇ ਕਮੇਟੀ ਬਣ ਰਹੀ ਹੈ, ਬਕਾਇਆ ਮਸਲੇ ਵੀ ਹੱਲ ਕੀਤੇ ਜਾ ਰਹੇ ਹਨ. ਇਸੇ ਦੌਰਾਨ ਅਮਰਿੰਦਰ ਸਿੰਘ ਦੇ ਪੁੱਤਰ ਰਣਇੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਪਰਿਵਾਰ ’ਚੋਂ ਸਿਰਫ਼ ਅਮਰਿੰਦਰ ਸਿੰਘ ਹੀ ਅਗਲੀ ਚੋਣ ਲੜਣਗੇ. ਉਨ੍ਹਾਂ ਖ਼ੁਦ ਚੋਣ ਲੜਨ ਤੋਂ ਇਨਕਾਰ ਕੀਤਾ.



### ਕੈਪਟਨ ਨਾਲ ਨਜ਼ਰ ਨਹੀਂ ਆਇਆ ਕੋਈ ਵੱਡਾ ਚਿਹਰਾ

ਮੁੱਖ ਦਫ਼ਤਰ ਖੋਲ੍ਹੇ ਜਾਣ ਸਮੇਂ ਕੈਪਟਨ ਅਮਰਿੰਦਰ ਸਿੰਘ ਨਾਲ ਕਾਂਗਰਸ ਪਾਰਟੀ ’ਚੋਂ ਆਇਆ ਕੋਈ ਵੱਡਾ ਚਿਹਰਾ ਨਹੀਂ ਦਿਖਿਆ. ਕੋਈ ਸਾਬਕਾ ਵਿਧਾਇਕ ਜਾਂ ਮੰਤਰੀ ਵੀ ਨਹੀਂ ਆਇਆ. ਰਣਇੰਦਰ ਸਿੰਘ ਤੋਂ ਇਲਾਵਾ ਅਮਰਿੰਦਰ ਸਿੰਘ ਦੀ ਬੇਟੀ ਵੀ ਮੌਕੇ ’ਤੇ ਹਾਜ਼ਰ ਸਨ. ਅਮਰਿੰਦਰ ਸਿੰਘ ਵਲੋਂ ਇੱਥੇ 9 ਸੈਕਟਰ ਵਿੱਚ ਆਪਣਾ ਦਫ਼ਤਰ ਖੋਲ੍ਹਿਆ ਗਿਆ ਹੈ।



# ਚੋਣਾਂ 'ਚ ਅਮਰਿੰਦਰ-ਬਾਦਲ ਦੋਸਤਾਨਾ ਮੈਚ ਖੇਡਣਗੇ- ਚੰਨੀ

ਚੰਡੀਗੜ੍ਹ-ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਅਮਰਿੰਦਰ ਤੇ ਬਾਦਲ ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ 'ਚ ਦੋਸਤਾਨਾ ਮੈਚ ਖੇਡਣਗੇ. ਉਨ੍ਹਾਂ ਕਿਹਾ ਕਿ ਅਮਰਿੰਦਰ ਤੇ ਬਾਦਲ ਆਪਸ ਵਿੱਚ ਅਖੌਤੀ ਦੁਸ਼ਮਣ-ਦੋਸਤ ਬਣੇ ਹੋਏ ਹਨ ਅਤੇ ਅਗਲੀਆਂ ਚੋਣਾਂ ਵਿੱਚ ਵੀ ਇੱਕ- ਦੂਜੇ ਨੂੰ ਸਿਆਸੀ ਲਾਹਾ ਪਹੁੰਚਾਉਣ ਲਈ ਸੀਟਾਂ ਦੀ ਵਿਵਸਥਾ ਵਿੱਚ ਰੁੱਝੇ ਹੋਏ ਹਨ. ਮੁੱਖ ਮੰਤਰੀ ਨੇ ਕਿਹਾ ਕਿ ਪਹਿਲਾਂ ਵੀ ਆਪਣੇ ਸੌੜੇ ਹਿੱਤਾਂ ਦੀ ਪੂਰਤੀ ਲਈ ਇੱਕ ਦੂਸਰੇ ਦੀ ਸੁਵਿਧਾ ਲਈ ਅਮਰਿੰਦਰ ਤੇ ਬਾਦਲ ਦੋਸਤਾਨਾ ਮੈਚ ਖੇਡਦੇ ਰਹੇ ਹਨ. ਮੁੱਖ ਮੰਤਰੀ ਨੇ ਕਿਹਾ ਕਿ ਅਗਲੀਆਂ ਚੋਣਾਂ ਕਰ ਕੇ ਕੈਪਟਨ ਅਮਰਿੰਦਰ ਸਿੰਘ, ਸੁਖਬੀਰ ਸਿੰਘ ਬਾਦਲ ਅਤੇ ਭਾਜਪਾ ਲੀਡਰਸ਼ਿਪ ਨੇ ਸਿਰਫ਼ ਸਿਆਸੀ ਫ਼ਾਇਦੇ ਲਈ ਪੰਜਾਬ ਦੇ ਹਿੱਤਾਂ ਦਾ ਅੰਦਰਖਾਤੇ ਨੁਕਸਾਨ ਕੀਤਾ ਹੈ. ਚੰਨੀ ਨੇ ਕਿਹਾ ਕਿ ਇਹ ਤਿੰਨੋਂ ਹੀ ਸੂਬੇ ਦੇ ਹਿੱਤਾਂ ਨੂੰ ਠੇਸ ਪਹੁੰਚਾਉਣ ਲਈ ਘਿਓ-ਖਿਚੜੀ ਸਨ ਅਤੇ ਭਵਿੱਖ ਵਿੱਚ ਵੀ ਆਪਣੇ ਇਸ ਸਿਆਸਤ ਤੋਂ ਪ੍ਰੇਰਿਤ ਏਜੰਡੇ ਨੂੰ ਜਾਰੀ ਰੱਖਣਗੇ. ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵਿਰੋਧੀਆਂ ਦੀ ਕੋਈ ਸਾਜ਼ਿਸ਼ ਕਾਂਗਰਸੀ ਵਰਕਰਾਂ ਦੇ ਉਤਸਾਹ ਨੂੰ ਘਟਾ ਨਹੀਂ ਸਕੇਗੀ ਅਤੇ ਅਮਰਿੰਦਰ ਦੇ ਕਾਂਗਰਸ 'ਚੋਂ ਲਾਂਭੇ ਹੋਣ ਮਗਰੋਂ ਕਾਂਗਰਸੀ ਵਰਕਰਾਂ ਦੇ ਮੂਡ ਵਿੱਚ ਵੱਡੀ ਤਬਦੀਲੀ ਆਈ ਹੈ. ਚੰਨੀ ਨੇ ਕਿਹਾ ਕਿ ਆਗਾਮੀ ਚੋਣਾਂ ਵਿੱਚ ਪੰਜਾਬ ਦੇ ਲੋਕ ਕੈਪਟਨ ਅਮਰਿੰਦਰ ਸਿੰਘ ਦੀ ਨਵੀਂ ਪਾਰਟੀ 'ਤੇ ਭਰੋਸਾ ਨਹੀਂ ਕਰਨਗੇ ਕਿਉਂਕਿ ਅਮਰਿੰਦਰ ਸਿੰਘ ਆਪਣੀ ਢਿੱਲੀ ਕਾਰਗੁਜ਼ਾਰੀ ਕਰਕੇ ਲੋਕਾਂ ਤੋਂ ਦੂਰੀ ਬਣਾਈ ਰੱਖਣ ਕਰਕੇ ਆਪਣੀ ਭਰੋਸੇਯੋਗਤਾ ਗੁਆ ਬੈਠੇ ਹਨ. ਉਨ੍ਹਾਂ ਕਿਹਾ ਕਿ ਅਮਰਿੰਦਰ ਸਿੰਘ ਨੇ ਬਤੌਰ ਮੁੱਖ ਮੰਤਰੀ ਕੁਝ ਨਹੀਂ ਕੀਤਾ ਅਤੇ ਫ਼ਾਰਮ ਹਾਊਸ ਹੀ ਬੈਠੇ ਰਹੇ. ਮੁੱਖ ਮੰਤਰੀ ਨੇ ਪ੍ਰਾਈਵੇਟ ਚੈੱਨਲ ਦੇ ਪ੍ਰੋਗਰਾਮ ਵਿੱਚ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਨਸ਼ਿਆਂ ਦੇ ਮਾਮਲੇ ਦੀ ਪੜਤਾਲ ਸਹੀ ਲੀਹ 'ਤੇ ਚੱਲ ਰਹੀ ਹੈ ਅਤੇ ਜਲਦੀ ਹੀ ਲੋਕਾਂ ਦੀ ਤਸੱਲੀ ਅਨੁਸਾਰ ਇਨਸਾਫ਼ ਹੋਵੇਗਾ. ਉਨ੍ਹਾਂ ਕਿਹਾ ਕਿ ਇਹ ਮੁੱਦੇ ਬੁਰੀ ਤਰ੍ਹਾਂ ਉਲਝਾਏ ਹੋਏ ਸਨ ਪਰ ਸਰਕਾਰ ਇਨ੍ਹਾਂ ਦੇ ਤਰਕਪੂਰਨ ਅੰਤ ਵੱਲ ਵਧ ਰਹੀ ਹੈ. ਚੰਨੀ ਨੇ ਕੇਜਰੀਵਾਲ ਨੂੰ ਸਲਾਹ ਦਿੱਤੀ ਕਿ ਉਹ ਇਸ ਤੱਥ ਨੂੰ ਭਲੀ-ਭਾਂਤੀ ਜਾਣਦੇ ਹਨ ਕਿ ਉਹ ਇਸ ਸੂਬੇ ਵਿੱਚ ਕਦੇ ਵੀ ਸੱਤਾ ਵਿੱਚ ਨਹੀਂ ਆਉਣਗੇ ਇਸ ਲਈ ਵੱਡੇ-ਵੱਡੇ ਵਾਅਦੇ ਕਰ ਕੇ ਪੰਜਾਬ ਦੇ ਲੋਕਾਂ ਨੂੰ ਆਪਣੀਆਂ ਕੋਝੀਆਂ ਚਾਲਾਂ ਨਾਲ ਮੂਰਖ ਬਣਾਉਣ ਦੀ ਬਜਾਏ ਉਹ ਦਿੱਲੀ ਵਿੱਚ ਆਪਣੀ ਸਰਕਾਰ 'ਤੇ ਜ਼ਿਆਦਾ ਧਿਆਨ ਦੇਣ.



'ਆਲੋਚਨਾ ਨੂੰ ਹਾਂ-ਪੱਖੀ ਢੰਗ ਨਾਲ ਲੈਂਦਾ ਹਾਂ'- ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਹ ਵੀ ਕਿਹਾ ਕਿ ਉਹ ਸਰਕਾਰ ਦੀ ਅਗਵਾਈ ਕਰ ਰਹੇ ਹਨ ਜਦੋਂ ਕਿ ਨਵਜੋਤ ਸਿੰਘ ਸਿੱਧੂ ਪਾਰਟੀ ਪ੍ਰਧਾਨ ਹਨ ਅਤੇ ਦੋਵਾਂ ਸੰਗਠਨਾਂ ਵਿੱਚ ਪੂਰੀ ਤਰ੍ਹਾਂ ਇਕਸੁਰਤਾ ਹੈ. ਮੁੱਖ ਮੰਤਰੀ ਚੰਨੀ ਨੇ ਬਿਨਾਂ ਕਿਸੇ ਝਿਜਕ ਦੇ ਕਿਹਾ ਕਿ ਉਹ ਹਮੇਸ਼ਾ ਆਪਣੀ ਆਲੋਚਨਾ ਨੂੰ ਹਾਂ-ਪੱਖੀ ਢੰਗ ਨਾਲ ਹੀ ਲੈਂਦੇ ਹਨ, ਚਾਹੇ ਇਹ ਪਾਰਟੀ ਦੇ ਅੰਦਰੋਂ ਹੋ ਰਹੀ ਹੋਵੇ ਜਾਂ ਬਾਹਰੋਂ. ਉਨ੍ਹਾਂ ਕਿਹਾ ਕਿ ਕੰਮਕਾਜ ਦੇ ਜਮਹੂਰੀ ਢਾਂਚੇ ਵਿੱਚ ਵਿਚਾਰਾਂ ਦਾ ਮਤਭੇਦ ਅਕਸਰ ਹੁੰਦਾ ਹੈ ਅਤੇ ਹਰੇਕ ਨੂੰ ਬਿਨਾਂ ਕਿਸੇ ਪੱਖਪਾਤ ਅਤੇ ਗਲਤ ਭਾਵਨਾ ਦੇ ਇਸ ਦਾ ਸਤਿਕਾਰ ਕਰਨਾ ਚਾਹੀਦਾ ਹੈ।

## ਸ਼ਹੀਦ ਕਿਸਾਨਾਂ ਨੂੰ ਸੰਸਦ ਸ਼ਰਧਾਂਜਲੀ ਦੇਵੇ- ਹਰਸਿਮਰਤ



ਨਵੀਂ ਦਿੱਲੀ-ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਮੰਗ ਕੀਤੀ ਕਿ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੀ ਸ਼ਹਾਦਤ ਨੂੰ ਸੰਸਦ ਵਿੱਚ ਮਾਨਤਾ ਦਿੱਤੀ ਜਾਵੇ, ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਜਾਵੇ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਜਾਵੇ। ਸਾਬਕਾ ਕੇਂਦਰੀ ਮੰਤਰੀ ਨੇ ਮੰਗ ਕੀਤੀ ਕਿ ਸਾਰੀਆਂ ਫ਼ਸਲਾਂ 'ਤੇ ਐੱਮ.ਐੱਸ.ਪੀ. ਦਿੱਤੀ ਜਾਵੇ ਅਤੇ ਇਸ ਨੂੰ ਕਾਨੂੰਨੀ ਅਧਿਕਾਰ ਬਣਾਇਆ ਜਾਵੇ।

ਸੰਸਦ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬੀਬੀ ਬਾਦਲ ਨੇ ਕਿਹਾ, 'ਅਸੀਂ ਸਾਰੇ ਜਾਣਦੇ ਹਾਂ ਕਿ ਕਿਸਾਨਾਂ ਨੇ ਕਿਸਾਨੀ ਭਾਈਚਾਰੇ ਤੇ ਖੇਤ ਮਜ਼ਦੂਰਾਂ ਦੇ ਹਿੱਤਾਂ ਦੀ ਰਾਖੀ ਲਈ ਸ਼ਾਂਤੀਪੂਰਨ ਤੇ ਲੋਕਤੰਤਰੀ ਅੰਦੋਲਨ ਵਿੱਚ ਭਾਗ ਲੈਂਦਿਆਂ ਆਪਣੀਆਂ ਸ਼ਹਾਦਤਾਂ ਦਿੱਤੀਆਂ ਹਨ। ਸਦਨ ਨੂੰ ਉਨ੍ਹਾਂ ਦੇ ਸੰਘਰਸ਼ ਨਾਲ ਇਕਜੁੱਟਤਾ ਦਿਖਾਉਣੀ ਚਾਹੀਦੀ ਹੈ ਅਤੇ ਕਿਸਾਨਾਂ ਵਲੋਂ ਤਿੰਨ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਜੋ ਕੇਂਦਰ ਵੱਲੋਂ ਮੰਨੀ ਗਈ ਨੂੰ ਲੈ ਕੇ ਵਿੱਢੇ ਸੰਘਰਸ਼ ਵਿੱਚ ਝੱਲੀਆਂ ਮੁਸ਼ਕਿਲਾਂ 'ਤੇ ਅਫ਼ਸੋਸ ਜ਼ਾਹਿਰ ਕਰਨਾ ਚਾਹੀਦਾ ਹੈ।' ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਐੱਮ.ਐੱਸ.ਪੀ. ਨੂੰ ਕਾਨੂੰਨੀ ਰੂਪ ਦੇਣਾ ਚਾਹੀਦਾ ਹੈ ਤੇ ਸਾਰੀਆਂ ਫ਼ਸਲਾਂ ਐੱਮ.ਐੱਸ.ਪੀ. 'ਤੇ ਖਰੀਦੀਆਂ ਜਾਣੀਆਂ ਚਾਹੀਦੀਆਂ ਹਨ। ਸਾਬਕਾ ਕੇਂਦਰੀ ਮੰਤਰੀ ਨੇ ਮੰਗ ਕੀਤੀ ਕਿ ਦਿੱਲੀ ਅਤੇ ਦੇਸ਼ ਵਿੱਚ ਹੋਰ ਥਾਵਾਂ 'ਤੇ ਕਿਸਾਨਾਂ ਖ਼ਿਲਾਫ਼ ਦਰਜ ਸਾਰੇ ਝੂਠੇ ਕੇਸ ਕੇਂਦਰ ਸਰਕਾਰ ਵਲੋਂ ਵਾਪਸ ਲਏ ਜਾਣ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਨੇ ਪਹਿਲਾਂ ਅਕਾਲੀ ਦਲ ਦੀ ਗੱਲ ਮੰਨ ਲਈ ਹੁੰਦੀ ਅਤੇ ਸੰਸਦ ਵਿੱਚ ਤਿੰਨ ਖੇਤੀ ਬਿਲਾਂ ਨੂੰ ਪਾਸ ਨਾ ਕਰਵਾਇਆ ਹੁੰਦਾ ਤਾਂ ਸੈਂਕੜੇ ਕਿਸਾਨਾਂ ਦੀ ਜਾਨ ਬਚਾਈ ਜਾ ਸਕਦੀ ਸੀ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਨੂੰ ਪੰਜਾਬ ਵਿੱਚ ਕੀਤੇ ਜਾ ਰਹੇ ਵਾਅਦੇ ਪਹਿਲਾਂ ਦਿੱਲੀ ਵਿੱਚ ਲਾਗੂ ਕਰਨੇ ਚਾਹੀਦੇ ਹਨ।

## ਹਾਈਕਮਾਨ ਚੋਣ ਜੰਗ 'ਚ ਕੀ ਚੰਨੀ, ਸਿੱਧੂ ਤੇ ਜਾਖੜ ਤਿੰਨਾਂ ਚਿਹਰਿਆਂ ਦੇ ਨਾਲ ਉਤਰੇਗੀ ?

ਜਲੰਧਰ- ਕਾਂਗਰਸ ਹਾਈ ਕਮਾਨ ਵਲੋਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਰਗਰਮੀ ਦੇ ਨਾਲ ਅੱਗੇ ਆਉਣ ਤੋਂ ਬਾਅਦ ਹੁਣ ਇਹ ਚਰਚਾ ਸ਼ੁਰੂ ਹੋ ਗਈ ਹੈ ਕਿ ਕੀ ਹਾਈ ਕਮਾਨ ਚੋਣ ਜੰਗ 'ਚ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਪੰਜਾਬ ਚੋਣ ਪ੍ਰਚਾਰ ਕਮੇਟੀ ਦੇ ਨਵੇਂ ਚੇਅਰਮੈਨ ਸੁਨੀਲ ਜਾਖੜ ਤਿੰਨਾਂ ਚਿਹਰਿਆਂ ਦੇ ਨਾਲ ਉਤਰੇਗੀ। ਕਾਂਗਰਸੀ ਨੇਤਾਵਾਂ ਦਾ ਮੰਨਣਾ ਹੈ ਕਿ ਕਾਂਗਰਸ ਹਾਈ ਕਮਾਨ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਅਹੁਦੇ ਦੇ ਮੁੱਦੇ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦੇ ਵਿਵਾਦ 'ਚ ਪੈਣ ਤੋਂ ਬਚਣਾ ਚਾਹੁੰਦੀ ਹੈ। ਸੰਭਵ ਹੈ ਕਿ ਮੁੱਖ ਮੰਤਰੀ ਅਹੁਦੇ ਦਾ ਮੁੱਦਾ ਖਾਲੀ ਛੱਡਿਆ ਜਾ ਸਕਦਾ ਹੈ ਅਤੇ ਤਿੰਨਾਂ ਵਰਗਾਂ ਦੇ ਨੇਤਾਵਾਂ ਚੰਨੀ, ਸਿੱਧੂ ਅਤੇ ਜਾਖੜ ਦੇ ਨਾਲ ਚੋਣ ਮੈਦਾਨ 'ਚ ਪਾਰਟੀ ਦੀ ਮੁਹਿੰਮ ਚਲਾਈ ਜਾ ਸਕਦੀ ਹੈ।



ਐੱਸ. ਸੀ. ਭਾਈਚਾਰੇ ਤੋਂ ਚੰਨੀ ਅੱਗੇ ਰਹਿਣਗੇ, ਜੱਟ ਭਾਈਚਾਰੇ ਤੋਂ ਨਵਜੋਤ ਸਿੱਧੂ ਅਤੇ ਹਿੰਦੂ ਭਾਈਚਾਰੇ ਤੋਂ ਸੁਨੀਲ ਜਾਖੜ ਅੱਗੇ ਰਹਿਣਗੇ। ਇਹ ਤਿੰਨੇ ਵਰਗ ਰਵਾਇਤੀ ਰੂਪ 'ਚ ਕਾਂਗਰਸ ਦਾ ਵੋਟ ਬੈਂਕ ਰਹੇ ਹਨ। ਕਾਂਗਰਸੀ ਨੇਤਾਵਾਂ ਦਾ ਮੰਨਣਾ ਹੈ ਕਿ ਜੇਕਰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਿਸੇ ਇੱਕ ਨੇਤਾ ਦਾ ਨਾਂ ਮੁੱਖ ਮੰਤਰੀ ਅਹੁਦੇ ਲਈ ਅੱਗੇ ਕੀਤਾ ਜਾਂਦਾ ਹੈ ਤਾਂ ਉਸ ਨਾਲ ਕਾਂਗਰਸ ਦੇ ਅੰਦਰ ਗ੍ਰਹਿ ਕਲੇਸ਼ ਦੀ ਸਥਿਤੀ ਪੈਦਾ ਹੋ ਜਾਵੇਗੀ, ਜਿਸ ਨਾਲ ਕਾਂਗਰਸ ਹਾਈਕਮਾਨ ਬਚਣਾ ਚਾਹੁੰਦੀ ਹੈ। ਪਿਛਲੀਆਂ 2 ਚੋਣਾਂ 'ਚ ਤਾਂ ਹਾਈ ਕਮਾਨ ਨੇ ਕੈਪਟਨ ਅਮਰਿੰਦਰ ਸਿੰਘ ਦਾ ਨਾਂ ਮੁੱਖ ਮੰਤਰੀ ਅਹੁਦੇ ਲਈ ਪਹਿਲਾਂ ਹੀ ਐਲਾਨ ਦਿੱਤਾ ਸੀ। ਮੁੱਖ ਮੰਤਰੀ ਅਹੁਦੇ ਦੀ ਦੌੜ 'ਚ ਸਿਰਫ਼ ਉਪਰੋਕਤ ਤਿੰਨੇ ਨੇਤਾ ਹੀ ਨਹੀਂ ਰਹਿਣਗੇ ਸਗੋਂ ਇਨ੍ਹਾਂ ਤੋਂ ਇਲਾਵਾ ਵੀ ਹਿੰਦੂ ਅਤੇ ਜੱਟ ਸਿੱਖ ਭਾਈਚਾਰੇ ਤੋਂ ਇੱਕ-ਇੱਕ ਹੋਰ ਨੇਤਾ ਦਾ ਨਾਂ ਵੀ ਅੱਗੇ ਆ ਰਿਹਾ ਹੈ ਜੱਟ ਭਾਈਚਾਰੇ ਤੋਂ ਸੁਖਜਿੰਦਰ ਰੰਧਾਵਾ ਦਾ ਨਾਂ ਵੀ ਮੁੱਖ ਮੰਤਰੀ ਅਹੁਦੇ ਨੂੰ ਲੈ ਕੇ ਚਰਚਾ 'ਚ ਚੱਲਦਾ ਰਹੇਗਾ। ਇਸੇ ਤਰ੍ਹਾਂ ਹਿੰਦੂ ਭਾਈਚਾਰੇ ਤੋਂ ਉਪ ਮੁੱਖ ਮੰਤਰੀ ਓ. ਪੀ. ਸੋਨੀ ਵੀ ਮੁੱਖ ਮੰਤਰੀ ਅਹੁਦੇ ਦੇ ਦਾਅਵੇਦਾਰ ਰਹਿਣਗੇ। ਭਾਵੇਂ ਦਾਅਵੇਦਾਰਾਂ ਦੀ ਗਿਣਤੀ ਕਾਫ਼ੀ ਜ਼ਿਆਦਾ ਹੈ ਪਰ ਫਿਰ ਵੀ ਆਖਰੀ ਫ਼ੈਸਲਾ ਤਾਂ ਚੋਣ ਨਤੀਜੇ ਆਉਣ ਤੋਂ ਬਾਅਦ ਹੀ ਲਿਆ ਜਾਵੇਗਾ। ਇਸ ਸਮੇਂ ਸਾਰੇ ਨੇਤਾਵਾਂ ਉੱਤੇ ਜ਼ਿੰਮੇਵਾਰੀ ਪਾਰਟੀ ਨੂੰ ਬਹੁਮੱਤ ਦਿਵਾਉਣ ਦੀ ਰਹੇਗੀ, ਕਿਉਂਕਿ ਇਸ ਵਾਰ ਚੋਣ ਮੁਕਾਬਲਾ ਸੌਖਾ ਨਹੀਂ ਹੈ। ਚੋਣਾਂ 'ਚ ਜੇਕਰ ਕਾਂਗਰਸ ਬਹੁਮੱਤ ਹਾਸਲ ਕਰੇਗੀ ਤਾਂ ਮੁੱਖ ਮੰਤਰੀ ਦੀ ਚੋਣ ਰਾਹੁਲ ਗਾਂਧੀ ਵਲੋਂ ਹੀ ਕੀਤੀ ਜਾਵੇਗੀ।

## ਕੈਪਟਨ ਦੀ ਪਹਿਲਾਂ ਤੋਂ ਸੀ ਭਾਜਪਾ ਨਾਲ ਸਾਂਝ - ਚੰਨੀ

ਚੰਡੀਗੜ੍ਹ - ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਹੈ ਕਿ ਕਾਂਗਰਸ ਪਾਰਟੀ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਚੋਣ ਮੈਦਾਨ 'ਚ ਉਤਾਰ ਕੇ ਪਹਿਲਾਂ ਵਿਧਾਇਕ ਅਤੇ ਫ਼ੇਰ ਮੁੱਖ ਮੰਤਰੀ ਤਕ ਦੀ ਜ਼ਿੰਮੇਵਾਰੀ ਦਿੱਤੀ ਸੀ। ਅਜਿਹੀ ਜ਼ਿੰਮੇਵਾਰੀ ਮਿਲਣ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਪਾਰਟੀ ਨਾਲ ਸਹੀ ਨਹੀਂ ਕੀਤਾ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਦਿੱਲੀ 'ਚ ਦੋ ਮੀਡੀਆ ਅਦਾਰਿਆਂ ਵਲੋਂ ਕਰਵਾਏ ਗਏ ਸਮਾਗਮ ਦੌਰਾਨ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਸਾਲ 2017 'ਚ ਮੁੱਖ ਮੰਤਰੀ ਬਣਨ ਤੋਂ ਬਾਅਦ ਆਪਣੇ ਫ਼ਾਰਮ ਹਾਊਸ ਤੋਂ ਬਾਹਰ ਹੀ ਨਹੀਂ ਨਿਕਲੇ ਸਨ ਜੋ ਦਿਨ 'ਚ ਸਿਰਫ਼ ਦੋ ਘੰਟੇ ਕੰਮ ਕਰਦੇ ਸਨ ਜਦੋਂ ਕਿ ਉਹ ਦਿਨ 'ਚ ਸਿਰਫ਼ ਦੋ ਘੰਟੇ ਆਰਾਮ ਅਤੇ 22 ਘੰਟੇ ਕੰਮ ਕਰਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਕੈਪਟਨ ਦੇ ਅਜਿਹੇ ਰਵੱਈਏ ਕਰ ਕੇ ਹੀ ਲੋਕਾਂ ਨੂੰ ਬਹੁਤ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਸੇ ਕਰ ਕੇ ਪਾਰਟੀ ਨੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਮੰਗ ਲਿਆ ਸੀ।

ਚੰਨੀ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਪਹਿਲਾਂ ਤੋਂ ਹੀ ਭਾਜਪਾ ਨਾਲ ਸਾਂਝ ਸੀ। ਉਨ੍ਹਾਂ 'ਤੇ ਇਸ ਬਾਰੇ ਕਈ ਵਾਰ ਦੋਸ਼ ਵੀ ਲੱਗਦੇ ਰਹੇ ਹਨ। ਕੈਪਟਨ ਵਲੋਂ ਨਵੀਂ ਪਾਰਟੀ ਬਣਾਉਣ ਤੋਂ ਬਾਅਦ ਭਾਜਪਾ ਨਾਲ ਮਿਲ ਕੇ ਚੋਣਾਂ ਲੜਨ ਦੇ ਐਲਾਨ ਨੇ ਉਕਤ ਸਾਰੇ ਦੋਸ਼ ਸਾਬਿਤ ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਕੈਪਟਨ ਨਾਲ ਪਾਰਟੀ ਦਾ ਕੋਈ ਵੀ ਵਿਧਾਇਕ ਨਹੀਂ ਗਿਆ ਹੈ ਕਿਉਂਕਿ ਸਾਰਿਆਂ ਨੂੰ ਦਿਖਾਈ ਦੇ ਰਿਹਾ ਹੈ ਕਿ ਕੈਪਟਨ ਨੇ ਪਾਰਟੀ ਨਾਲ ਗਲਤ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਵੀ ਸਾਰੀ ਸਿਆਸਤ ਸਮਝਦੇ ਹਨ ਅਤੇ ਉਹ ਵੀ ਕੈਪਟਨ ਨਾਲ ਕਦੇ ਨਹੀਂ ਜਾਣਗੇ। ਮੁੱਖ ਮੰਤਰੀ ਨੇ ਦੱਸਿਆ ਕਿ ਕਾਂਗਰਸ ਪਾਰਟੀ ਨੇ ਸ਼ੁਰੂਆਤੀ ਦਿਨਾਂ 'ਚ ਉਨ੍ਹਾਂ ਨੂੰ ਵੀ ਟਿਕਟ ਨਹੀਂ ਦਿੱਤੀ ਸੀ ਜਿਸ ਕਾਰਨ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਕੇ ਉਨ੍ਹਾਂ ਜਿੱਤ ਹਾਸਲ ਕੀਤੀ ਸੀ। ਉਨ੍ਹਾਂ ਕਿਹਾ ਕਿ ਉਹ ਕਦੇ ਵੀ ਮੁੱਖ ਮੰਤਰੀ ਨਹੀਂ ਬਣਨਾ ਚਾਹੁੰਦੇ ਸਨ ਪਰ ਰਾਹੁਲ ਗਾਂਧੀ ਵਲੋਂ ਦਿੱਤੀ ਜ਼ਿੰਮੇਵਾਰੀ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਅ ਰਹੇ ਹਨ। ਉਨ੍ਹਾਂ ਕਿਹਾ ਕਿ ਸਮੇਂ ਦੇ ਨਾਲ-ਨਾਲ ਸਿਆਸੀ ਪਾਰਟੀਆਂ 'ਚ ਵੀ ਵੱਡੀ ਤਬਦੀਲੀ ਹੋਈ ਹੈ, ਉਸੇ ਕਰ ਕੇ ਕਾਂਗਰਸ ਪਾਰਟੀ ਨੇ ਵੱਡੇ ਘਰਾਣੇ ਦੇ ਆਗੂਆਂ ਦੀ ਥਾਂ ਛੋਟੇ ਜਿਹੇ ਪਰਿਵਾਰ ਨਾਲ ਸਬੰਧਤ ਵਿਅਕਤੀ ਨੂੰ ਮੁੱਖ ਮੰਤਰੀ ਬਣਾਇਆ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ 'ਚ ਵੀ ਪਾਰਟੀ ਸਰਵੇਖਣ ਤੋਂ ਬਾਅਦ ਟਿਕਟਾਂ ਦਾ ਐਲਾਨ ਕੀਤਾ ਜਾਣਾ ਚਾਹੀਦਾ ਹੈ।

# ਖ਼ੁਲਾਸਾ, ਭਾਜਪਾ 'ਚ ਜਾਣ ਤੋਂ ਪਹਿਲਾਂ ਸਿਰਸਾ ਨੇ ਫ਼ੋਨ 'ਤੇ ਕਹੀ ਸੀ ਇਹ ਗੱਲ - ਸੁਖਬੀਰ



ਜਲੰਧਰ - ਸੁਖਬੀਰ ਬਾਦਲ ਨੇ 'ਗੱਲਬਾਤ ਕਰਦਿਆਂ ਵੱਡਾ ਖ਼ੁਲਾਸਾ ਕੀਤਾ ਕਿ ਮਨਜਿੰਦਰ ਸਿਰਸਾ ਨੇ ਭਾਜਪਾ 'ਚ ਸ਼ਾਮਿਲ ਹੋਣ ਤੋਂ ਦੋ ਦਿਨ ਪਹਿਲਾਂ ਮੈਨੂੰ ਵ੍ਹਾਟਸਐਪ 'ਤੇ ਇਹ ਜਾਣਕਾਰੀ ਦਿੱਤੀ ਸੀ ਕਿ ਉਹ ਮੈਨੂੰ ਗ੍ਰਿਫ਼ਤਾਰ ਕਰਨ ਵਾਲੇ ਹਨ। ਸੁਖਬੀਰ ਬਾਦਲ ਨੇ ਭਾਜਪਾ 'ਤੇ ਵੱਡੇ ਇਲਜ਼ਾਮ ਲਗਾਉਂਦਿਆਂ ਕਿਹਾ ਕਿ ਭਾਜਪਾ ਸਾਡੀ ਦਿੱਲੀ ਗੁਰਦੁਆਰਾ ਪ੍ਰਬੰਧਕੀ ਕਮੇਟੀ ਦੀ ਪੂਰੀ ਟੀਮ ਨੂੰ ਧਮਕਾ ਰਹੀ ਹੈ। ਕੇਂਦਰ ਸਰਕਾਰ ਦਾ ਅਜਿਹਾ ਵਿਹਾਰ ਬਿਲਕੁਲ ਵੀ ਬਰਦਾਸ਼ਤ ਕਰਨ ਯੋਗ ਨਹੀਂ ਹੈ।

ਜ਼ਿਕਰਯੋਗ ਹੈ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਵਲੋਂ ਪ੍ਰਧਾਨਗੀ ਅਹੁਦੇ ਤੋਂ ਅਸਤੀਫ਼ਾ ਦਿੰਦਿਆਂ ਭਾਜਪਾ 'ਚ ਸ਼ਾਮਿਲ ਹੋਣ ਮਗਰੋਂ ਅਕਾਲੀ ਸਿਆਸਤ 'ਚ ਭੂਚਾਲ ਆ ਗਿਆ ਸੀ ਅਤੇ ਅਕਾਲੀ ਆਗੂਆਂ ਵਲੋਂ ਅਤੇ ਖ਼ਾਸ ਤੌਰ 'ਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਵੀ ਇਸ ਪਿੱਛੇ ਕੇਂਦਰ ਦੇ ਧਮਕੀ ਭਰੇ ਵਤੀਰੇ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਸੀ। ਜਥੇਦਾਰ ਨੇ ਕਿਹਾ ਸੀ ਕਿ ਭਾਜਪਾ ਨੇ ਸਿਰਸਾ ਨੂੰ ਜੇਲ੍ਹ ਜਾਂ ਭਾਜਪਾ ਇੱਕ ਚੁਣਨ ਨੂੰ ਕਿਹਾ ਗਿਆ ਸੀ ਅਤੇ ਸਿਰਸਾ ਨੇ ਭਾਜਪਾ ਨੂੰ ਚੁਣਿਆ। ਇਸੇ ਤਰ੍ਹਾਂ ਸੁਖਬੀਰ ਬਾਦਲ ਨੇ ਵੀ ਸਿਰਸਾ ਦੇ ਭਾਜਪਾ 'ਚ ਸ਼ਾਮਿਲ ਹੋਣ ਪਿੱਛੇ ਕੇਂਦਰ ਦੇ ਦਬਾਅ ਨੂੰ ਮੁੱਖ ਕਾਰਨ ਦੱਸਿਆ ਸੀ। ਪੁੱਛੇ ਸਵਾਲ ਕਿ ਕੀ ਸਿਰਸਾ ਨੇ ਕੋਈ ਅਜਿਹਾ ਗ਼ਲਤ ਕੰਮ ਕੀਤਾ ਸੀ ਜਿਸ ਦੇ ਡਰ ਨਾਲ ਸਿਰਸਾ ਭਾਜਪਾ 'ਚ ਸ਼ਾਮਿਲ ਹੋ ਗਏ ਤਾਂ ਬਾਦਲ ਦਾ ਜਵਾਬ ਸੀ ਕਿ ਸਰਕਾਰਾਂ ਲਈ ਕੋਈ ਵੀ ਕੇਸ ਬਣਾਉਣਾ ਕੋਈ ਵੱਡੀ ਗੱਲ ਨਹੀਂ ਹੁੰਦੀ। ਬੇਸ਼ੱਕ ਸਿਰਸਾ ਨੇ ਅਜਿਹਾ ਕੁੱਝ ਨਹੀਂ ਕੀਤਾ, ਪਰ ਭਾਜਪਾ ਸਾਡੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪੂਰੀ ਟੀਮ ਨੂੰ ਧਮਕਾ ਰਹੀ ਹੈ। ਅੱਜਕੱਲ੍ਹ ਕੇਂਦਰ ਨੇ ਇਹ ਰਿਵਾਜ਼ ਬਣਾਇਆ ਹੋਇਆ ਹੈ ਕਿ ਵਿਰੋਧੀ ਧਿਰ ਨੂੰ ਦਬਾਉਣ ਲਈ ਕਿਸੇ 'ਤੇ ਨਾਜਾਇਜ਼ ਮੁਕੱਦਮਾ ਦਰਜ ਕਰ ਦਿਓ ਜਾਂ ਫ਼ਿਰ ਉਸ 'ਤੇ <8 ਅਤੇ ਇਨਕਮ ਟੈਕਸ ਦੀ ਰੇਡ ਪੁਆ ਦਿੱਤੀ ਜਾਵੇ ਜੋ ਕਿ ਗ਼ਲਤ ਰਾਜਨੀਤੀ ਹੈ। ਸੁਖਬੀਰ ਬਾਦਲ ਨੇ ਕਿਹਾ ਕਿ ਸਿਰਸਾ ਨੇ ਖ਼ੁਦ ਵ੍ਹਾਟਸਐੱਪ 'ਤੇ ਵੀ ਮੈਨੂੰ ਦੋ ਦਿਨ ਪਹਿਲਾਂ ਇਹ ਜਾਣਕਾਰੀ ਦਿੱਤੀ ਸੀ ਕਿ ਉਹ ਮੈਨੂੰ ਗ੍ਰਿਫ਼ਤਾਰ ਕਰਨ ਵਾਲੇ ਹਨ। ਕੇਂਦਰ ਸਰਕਾਰ ਦਾ ਇਹ ਵਿਵਹਾਰ ਬਿਲਕੁਲ ਬਰਦਾਸ਼ਤ ਕਰਨ ਯੋਗ ਨਹੀਂ।ਅੱਗੇ ਬੋਲਦਿਆਂ ਹੋਇਆਂ ਸੁਖਬੀਰ ਬਾਦਲ ਨੇ ਕਿਹਾ ਕਿ ਮੈਨੂੰ ਦੁੱਖ ਹੈ ਕਿ ਕੁਰਬਾਨੀਆਂ ਦੇ ਇਤਿਹਾਸ ਵਾਲੇ ਸਿੱਖ ਧਰਮ 'ਚ ਪੈਦਾ ਹੋਏ ਸਿਰਸਾ ਪਰਚੇ ਦੇ ਡਰ ਕਾਰਨ ਪਾਰਟੀ ਛੱਡ ਗਏ। ਹਾਲਾਂਕਿ ਅਕਾਲੀ ਦਲ 'ਚ ਕਈ ਲੀਡਰ ਆਏ ਅਤੇ ਕਈ ਛੱਡ ਕੇ ਚਲੇ ਗਏ ਪਰ ਪਾਰਟੀ ਹਮੇਸ਼ਾ ਚੱਲਦੀ ਰਹੀ ਹੈ। ਹੁਣ ਸਿਰਸਾ ਦੇ ਜਾਣ ਨਾਲ ਵੀ ਸਾਨੂੰ ਭਾਜਪਾ ਕੋਈ ਨੁਕਸਾਨ ਨਹੀਂ ਪਹੁੰਚਾ ਸਕੇਗੀ ਪਰ ਇਸ ਗੱਲ ਦਾ ਅਫ਼ਸੋਸ ਹਮੇਸ਼ਾ ਰਹੇਗਾ ਕਿ ਮੈਂ ਸਿਰਸਾ ਨੂੰ ਹੇਠਾਂ ਤੋਂ ਉਪਰ ਤਕ ਲੈ ਕੇ ਗਿਆ ਹਾਂ। ਜਦੋਂ ਬਾਦਲ ਨੂੰ ਸਵਾਲ ਪੁੱਛਿਆ ਗਿਆ ਕਿ ਸਿਰਸਾ ਦੁਖੀ ਹੋ ਕੇ ਗਏ ਜਾਂ ਤੁਸੀਂ ਖ਼ੁਦ ਭੇਜਿਆ ਤਾਂ ਸੁਖਬੀਰ ਬਾਦਲ ਨੇ ਜਵਾਬ ਦਿੰਦਿਆਂ ਕਿਹਾ, "ਸਿਰਸਾ ਸਾਡੀ ਪਾਰਟੀ 'ਚ ਬਿਲਕੁਲ ਦੁੱਖੀ ਨਹੀਂ ਸਨ। ਮੈਂ ਪਾਰਟੀ 'ਚ ਹਰ ਵੇਲੇ ਉਨ੍ਹਾਂ ਨੂੰ ਬਣਦਾ ਸਨਮਾਨ ਦਿੱਤਾ। ਰਹੀ ਗੱਲ ਖੁਦ ਭੇਜਣ ਦੀ ਤਾਂ ਇਸ 'ਚ ਮੇਰਾ ਕੀ ਫ਼ਾਇਦਾ ਹੋਵੇਗਾ? "ਜਦੋਂ ਸੁਖਬੀਰ ਬਾਦਲ ਤੋਂ ਪਲਟ ਕੇ ਪੁੱਛਿਆ ਗਿਆ ਕਿ ਇੱਕ ਚਰਚਾ ਇਹ ਵੀ ਹੈ ਕਿ ਸਿਰਸਾ ਅਕਾਲੀ ਦਲ ਅਤੇ ਭਾਜਪਾ ਦੇ ਗਠਜੋੜ ਦੀ ਕੜੀ ਬਣ ਸਕਦੇ ਹਨ ਤਾਂ ਬਾਦਲ ਨੇ ਹੱਸਦੇ ਹੋਏ ਜਵਾਬ ਦਿੱਤਾ ਕਿ ਕੀ ਹੁਣ ਸਿਰਸਾ ਸਾਡਾ ਗਠਜੋੜ ਕਰਵਾਉਣਗੇ। ਉਨ੍ਹਾਂ ਦੇ ਮੁਤਾਬਿਕ ਇਹ ਬਿਲਕੁੱਲ ਝੂਠ ਫ਼ੈਲਾਇਆ ਜਾ ਰਿਹਾ ਹੈ।

# ਬਾਦਲਾਂ ਦਾ ਅਕਾਲੀ ਦਲ ਸਿੱਖ ਮਸਲੇ ਹੱਲ ਕਰਨ ਦੇ ਸਮਰੱਥ ਨਹੀਂ - ਸਿਰਸਾ



ਚੰਡੀਗੜ੍ਹ - ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਅਕਾਲੀ ਦਲ 'ਤੇ ਗੁੰਮਰਾਹਕੁੰਨ ਅਤੇ ਬੇਬੁਨਿਆਦ ਪ੍ਰਚਾਰ ਕਰਨ ਦੇ ਦੋਸ਼ ਲਾਉਂਦਿਆਂ ਕਿਹਾ ਹੈ ਕਿ ਅਕਾਲੀ ਦਲ ਸਿੱਖ ਮਸਲੇ ਹੱਲ ਕਰਾਉਣ ਦੇ ਸਮਰੱਥ ਨਹੀਂ ਰਿਹਾ। ਭਾਜਪਾ 'ਚ ਸ਼ਮੂਲੀਅਤ ਨੂੰ ਜਾਇਜ਼ ਠਹਿਰਾਉਂਦਿਆਂ ਸਿਰਸਾ ਨੇ ਕਿਹਾ ਕਿ ਦਲ ਬਦਲੀ ਦਾ ਮਕਸਦ ਸਿੱਖ ਕੌਮ ਦੀ ਸੇਵਾ ਕਰਨਾ ਹੈ ਅਤੇ ਹੁਣ ਅਜਿਹਾ ਪਲੈਟਫ਼ੌਰਮ ਮਿਲ ਗਿਆ ਹੈ ਜਿਸ ਨਾਲ ਲੰਮੇ ਸਮੇਂ ਤੋਂ ਲਟਕ ਰਹੇ ਸਿੱਖ ਮਸਲੇ ਹੱਲ ਕਰਵਾਉਣ 'ਚ ਸਹਾਇਤਾ ਮਿਲੇਗੀ। ਅਕਾਲੀ ਦਲ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਉਨ੍ਹਾਂ ਕਿਹਾ, "ਜੇਕਰ ਭਾਜਪਾ ਨੇ ਧੱਕਾ ਹੀ ਕਰਨਾ ਹੁੰਦਾ ਤਾਂ ਫ਼ਿਰ ਮੈਨੂੰ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਵਜੋਂ ਹੀ ਪਾਰਟੀ 'ਚ ਸ਼ਾਮਿਲ ਹੋਣ ਵਾਸਤੇ ਆਖਦੀ ਨਾ ਕਿ ਵਿਅਕਤੀ ਤੌਰ 'ਤੇ ਸ਼ਾਮਿਲ ਕਰਵਾਉਂਦੀ। "ਉਨ੍ਹਾਂ ਕਿਹਾ ਕਿ ਉਹ ਆਪਣੀ ਇੱਛਾ ਨਾਲ ਭਾਜਪਾ 'ਚ ਸ਼ਾਮਿਲ ਹੋਏ ਹਨ। "ਇਸ ਪਾਰਟੀ ਨਾਲ ਗੱਠਜੋੜ ਟੁੱਟਣ ਤੋਂ ਬਾਅਦ ਅਕਾਲੀ ਦਲ ਸਿੱਖ ਮਸਲੇ ਹੱਲ ਕਰਵਾਉਣ ਲਈ ਕੰਮ ਕਰਨ ਦੀ ਸਮਰੱਥਾ 'ਚ ਨਹੀਂ ਰਿਹਾ ਕਿਉਂਕਿ ਉਸ ਦੀ ਕੋਈ ਬਾਂਹ ਫ਼ੜਨ ਵਾਲਾ ਨਹੀਂ। ਮੇਰਾ ਮਕਸਦ ਕੌਮ ਦੀ ਸੇਵਾ ਕਰਨਾ ਹੈ ਅਤੇ ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਕਿਸੇ ਕੌਮੀ ਪਾਰਟੀ ਦਾ ਮੈਂਬਰ ਹੋਵਾਂ। ਮੈਂ ਦ੍ਰਿੜ੍ਹ ਸੰਕਲਪ ਲਿਆ ਹੋਇਆ ਹੈ ਕਿ ਸਿਰਫ਼ ਸਿੱਖ ਕੌਮ ਦੇ ਮਸਲੇ ਹੱਲ ਕਰਨ ਅਤੇ ਕੌਮ ਦੀਆਂ ਮੰਗਾਂ ਪੂਰੀ ਕਰਵਾਉਣ 'ਤੇ ਧਿਆਨ ਕੇਂਦਰਿਤ ਕਰਾਂਗਾ ਅਤੇ ਕਿਸੇ ਵਲੋਂ ਵੀ ਲਗਾਏ ਜਾਣ ਵਾਲੇ ਫ਼ਜ਼ੂਲ ਦੇ ਦੋਸ਼ਾਂ ਨਾਲ ਮੇਰਾ ਧਿਆਨ ਭਟਕਣ ਵਾਲਾ ਨਹੀਂ। "ਉਨ੍ਹਾਂ ਕਿਹਾ ਕਿ ਅਕਾਲੀ ਦਲ ਅੱਜ ਇੱਕ ਖੇਤਰੀ ਪਾਰਟੀ ਵਜੋਂ ਸਿਮਿਟ ਕੇ ਰਹਿ ਗਿਆ ਹੈ। ਸਿਰਸਾ ਨੇ ਕਿਹਾ ਕਿ ਪੰਜਾਬ ਹੀ ਨਹੀਂ ਬਾਹਰ ਵੱਸਦੇ ਸਿੱਖ ਵੀ ਆਪਣੇ ਮਸਲਿਆਂ ਲਈ ਉਨ੍ਹਾਂ ਵੱਲ ਵੇਖ ਰਹੇ ਹਨ। "ਮੇਘਾਲਿਆ, ਮੱਧ ਪ੍ਰਦੇਸ਼ ਅਤੇ "w 'ਚ ਕਈ ਮਸਲਿਆਂ ਨੇ ਸਿੱਖਾਂ ਨੂੰ ਘੇਰਿਆ ਹੋਇਆ ਹੈ ਅਤੇ ਉਹ ਸੰਕਟ ਦਾ ਹੱਲ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਇਹ ਮਸਲੇ ਭਾਜਪਾ ਵਰਗੇ ਪਲੈਟਫ਼ੌਰਮ 'ਤੇ ਕੌਮੀ ਪੱਧਰ 'ਤੇ ਆਵਾਜ਼ ਬੁਲੰਦ ਕਰ ਕੇ ਹੀ ਹੱਲ ਹੋ ਸਕਦੇ ਹਨ ਅਤੇ ਕੌਮਾਂਤਰੀ ਪੱਧਰ 'ਤੇ ਮਸਲੇ ਹੱਲ ਕਰਨ 'ਚ ਵੀ ਸਹਾਇਤਾ ਮਿਲ ਸਕਦੀ ਹੈ।

# ਕੰਵਰ ਸੰਧੂ ਨੇ ਚੋਣਾਂ ਨਾ ਲੜਨ ਬਾਰੇ ਕਿਹਾ, ਅਸੀਂ ਸਿਆਸਤ ਬਦਲਣ ਲਈ ਆਏ ਸੀ ਨਾ ਕਿ ਪਾਰਟੀ

ਚੰਡੀਗੜ੍ਹ - ਆਮ ਆਦਮੀ ਪਾਰਟੀ 'ਚੋਂ ਮੁਅੱਤਲ ਚੱਲ ਰਹੇ ਅਤੇ ਹਲਕਾ ਖਰੜ ਤੋਂ ਪਾਰਟੀ ਦੇ ਵਿਧਾਇਕ ਕੰਵਰ ਸੰਧੂ ਵਲੋਂ ਆਪਣੇ ਫ਼ੇਸਬੁੱਕ ਪੇਜ 'ਤੇ ਇੱਕ ਵੀਡੀਓ ਸ਼ੇਅਰ ਕੀਤੀ ਗਈ ਹੈ ਜਿਸ 'ਚ ਉਨ੍ਹਾਂ ਆਪ ਛੱਡ ਪਾਰਟੀ ਬਦਲਣ ਅਤੇ ਅਗਲੀ ਚੋਣ ਲੜਨ ਬਾਰੇ ਕੁੱਝ ਅਹਿਮ ਗੱਲਾਂ ਲੋਕਾਂ ਅੱਗੇ ਰੱਖੀਆਂ ਹਨ। ਪਾਰਟੀ ਬਦਲਣ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ, "ਅਸੀਂ ਸਿਆਸਤ ਬਦਲਣ ਲਈ ਆਏ ਸੀ ਨਾ ਕਿ ਪਾਰਟੀ ਬਦਲਣ ਲਈ। "ਉਨ੍ਹਾਂ ਕਿਹਾ, "ਜੇਕਰ ਮੈਨੂੰ ਕੋਈ ਚੰਗਾ ਬਦਲ ਨਜ਼ਰ ਆਉਂਦਾ ਤਾਂ ਮੈਂ ਸ਼ਾਇਦ ਉਸ ਨਾਲ ਜੁੜ ਜਾਂਦਾ ਪਰ ਮੈਨੂੰ ਹੁਣ ਕੋਈ ਚੰਗੇ ਬਦਲ ਦੀ ਆਸ ਨਜ਼ਰ ਨਹੀਂ ਆ ਰਹੀ।" ਉਨ੍ਹਾਂ ਕਿਹਾ, "ਮੈਂ ਇੱਕ ਵਿਚਾਰਧਾਰਾ ਰੱਖਦਾ ਹਾਂ ਅਤੇ ਇਸੇ ਵਿਚਾਰਧਾਰਾ ਤਹਿਤ ਹੀ ਮੈਂ ਆਪ ਪਾਰਟੀ ਅਪਣਾਈ ਸੀ। ਮੈਨੂੰ ਪਤਾ ਨਹੀਂ ਲਗਦਾ ਕਿ ਰਾਤੋ-ਰਾਤ ਕਿਸੇ ਵਿਅਕਤੀ ਜਾਂ ਪਾਰਟੀ ਦੀ ਵਿਚਾਰਧਾਰਾ ਕਿਵੇਂ ਬਦਲ ਜਾਂਦੀ ਹੈ, ਮੇਰੀ ਤਾਂ ਨਹੀਂ ਬਦਲ ਸਕਦੀ।"

ਉਨ੍ਹਾਂ ਕਿਹਾ, "ਮੈਂ ਕਿਸੇ ਵੀ ਰਿਵਾਇਤੀ ਪਾਰਟੀ 'ਚ ਸ਼ਾਮਿਲ ਨਹੀਂ ਹੋ ਰਿਹਾ ਅਤੇ ਮੇਰਾ ਹੁਣ 2022 ਵਿਧਾਨ ਸਭਾ ਚੋਣਾਂ ਲੜਨ ਦਾ ਵੀ ਕੋਈ ਇਰਾਦਾ ਨਹੀਂ। ਹਾਂ ਕੋਈ ਚੰਗਾ ਬਦਲ ਜੇਕਰ ਨਜ਼ਰ ਆਉਂਦਾ ਤਾਂ ਮੈਂ ਸ਼ਾਇਦ ਉਸ ਨਾਲ ਜੁੜ ਜਾਂਦਾ, ਪਰ ਮੈਨੂੰ ਹੁਣ ਕਿਸੇ ਚੰਗੇ ਬਦਲ ਦੀ ਆਸ ਨਹੀਂ। "ਉਨ੍ਹਾਂ ਅੱਗੇ ਕਿਹਾ, "ਮੇਰੇ ਇਸ ਫ਼ੈਸਲੇ ਨਾਲ ਮੇਰੇ ਸ਼ੁੱਭਚਿੰਤਕਾਂ ਅਤੇ ਚਾਹਵਾਨਾਂ ਨੂੰ ਨਾਰਾਜ਼ਗੀ ਜ਼ਰੂਰ ਹੋਵੇਗੀ, ਇਸ ਲਈ ਮੈਂ ਉਨ੍ਹਾਂ ਤੋਂ ਮੁਆਫ਼ੀ ਮੰਗਦਾ ਹਾਂ। ਮੇਰਾ ਖ਼ਿਆਲ ਹੈ ਕਿ ਹਲਾਤਾਂ ਨਾਲ ਸਮਝੌਤਾ ਕਰਨ ਨਾਲ ਇੱਕ ਪਾਸੇ ਹੋ ਕੇ ਜ਼ਿੰਦਗੀ ਜਿਊਣਾ ਕੀਤੇ ਜ਼ਿਆਦਾ ਬਿਹਤਰ ਹੈ। ਪੰਜਾਬ ਲਈ ਮੈਂ ਚਿੰਤਤ ਹਾਂ ਅਤੇ ਹਮੇਸ਼ਾ ਰਹਾਂਗਾ, ਮੈਂ ਆਸ ਕਰਦਾ ਹਾਂ ਕਿ ਜਿਵੇਂ ਰੋਜ਼ ਨਵੀਂ ਸਵੇਰ ਹੁੰਦੀ ਹੈ ਉਸੇ ਤਰ੍ਹਾਂ ਸਿਆਸਤ 'ਚ ਵੀ ਨਵੀਂ ਸਵੇਰ ਜ਼ਰੂਰ ਹੋਵੇਗੀ।"

# ਕੈਪਟਨ ਨੇ ਕਾਂਗਰਸ 'ਚ ਮੂਸੇਵਾਲਾ ਦੀ ਐਂਟਰੀ 'ਤੇ ਕਿਹਾ - ਪੰਜਾਬ ਸ਼ਾਂਤੀ ਚਾਹੁੰਦਾ ਹੈ



ਚੰਡੀਗੜ੍ਹ - ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਾਂਗਰਸ 'ਚ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਐਂਟਰੀ 'ਤੇ ਸਿੱਧਾ ਨਿਸ਼ਾਨਾ ਸਾਧਿਆ ਹੈ। ਇੱਕ ਗੱਲਬਾਤ ਦੌਰਾਨ ਕੈਪਟਨ ਨੇ ਕਿਹਾ ਕਿ ਮੂਸੇਵਾਲੇ ਨੂੰ ਕਾਂਗਰਸ 'ਚ ਲੈ ਆਏ ਹਨ ਜਿਸ 'ਤੇ ਮਾਨਸਾ 'ਚ ਵਿਰੋਧ ਹੋ ਰਿਹਾ ਹੈ। ਸਵਾਲ ਚੁੱਕੇ ਜਾ ਰਹੇ ਹਨ ਕਿ ਅਜਿਹੇ ਗੈਂਗਸਟਰ ਨੂੰ ਕਿਉਂ ਲਿਆਂਦਾ ਗਿਆ ਹੈ?

ਕੈਪਟਨ ਨੇ ਕਿਹਾ, "ਛੋਟੇ ਬੱਚਿਆਂ ਲਈ ਤਾਂ ਪਿਸਟਲ ਚੰਗੀ ਲੱਗਦੀ ਹੈ, ਪਰ ਪੰਜਾਬ ਨੇ ਪਾਕਿਸਤਾਨ ਨਾਲ ਲੜਾਈ ਅਤੇ ਅਤਿਵਾਦ ਨੂੰ ਝੱਲਿਆ ਹੈ। ਹੁਣ ਕੋਈ ਨਹੀਂ ਚਾਹੁੰਦਾ ਕਿ ਇੱਥੋਂ ਦੀ ਆਬੋ-ਹਵਾ ਖ਼ਰਾਬ ਹੋਵੇ। ਕੈਪਟਨ ਨੇ ਕਿਹਾ ਕਿ ਉਹ ਵੀ ਮੂਸੇਵਾਲੇ ਤਕ ਪਹੁੰਚ ਕਰ ਸਕਦੇ ਸਨ, ਪਰ ਉਨ੍ਹਾਂ ਨੇ ਨਹੀਂ ਕੀਤਾ ਕਿਉਂਕਿ ਇਹ ਗ਼ਲਤ ਹੈ। ਉਹ ਖ਼ੂਨ-ਖਰਾਬੇ ਨੂੰ ਪ੍ਰਦਰਸ਼ਿਤ ਕਰਦਾ ਹੈ ਅਤੇ ਪੰਜਾਬ 'ਚ ਖ਼ੂਨ-ਖ਼ਰਾਬਾ ਕੋਈ ਨਹੀਂ ਚਾਹੁੰਦਾ, ਪੰਜਾਬ ਸ਼ਾਂਤੀ ਚਾਹੁੰਦਾ ਹੈ। ਉਂਝ ਵੀ ਮੂਸੇਵਾਲੇ 'ਤੇ ਪੁਲੀਸ ਕੇਸ ਚੱਲ ਰਿਹਾ ਹੈ। "ਕੈਪਟਨ ਨੇ ਕਿਹਾ ਕਿ ਮੁੱਖ ਮੰਤਰੀ ਰਹਿੰਦੇ ਹੋਏ ਉਨ੍ਹਾਂ ਨੇ ਗੈਂਗਸਟਰਾਂ ਨੂੰ ਜੇਲ੍ਹਾਂ 'ਚ ਪਾਇਆ ਸੀ ਕਿਉਂਕਿ ਗੈਂਗਸਟ੍ਰਿਜ਼ਮ ਅਤੇ ਟੈਰੋਰਿਜ਼ਮ ਇਕੱਠੇ ਹੋ ਗਏ ਸਨ। ਇਸ ਲਈ ਉਨ੍ਹਾਂ ਨੇ ਪੰਜਾਬ ਦੇ ਕਾਫ਼ੀ ਵੱਡੇ ਹਿੱਸੇ ਤੋਂ ਗੈਂਗਸਟਰਾਂ ਦਾ ਸਫ਼ਾਇਆ ਕੀਤਾ। ਸਿਰਫ਼ ਮਾਲੇਰਕੋਟਲਾ ਬਚਿਆ ਸੀ।

ਪੰਜਾਬ ਨੂੰ ਚਲਾਉਣ 'ਚ ਸਿੱਧੂ, ਚੰਨੀ ਅਤੇ ਰੰਧਾਵਾ ਨਾਕਾਬਿਲ

ਕੈਪਟਨ ਨੇ ਕਿਹਾ ਕਿ ਨਾ ਤਾਂ ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਪਾਰਟੀ ਚਲਾਉਣ ਲਈ ਕਾਬਿਲ ਹਨ, ਅਤੇ ਨਾ ਹੀ ਮੁੱਖ ਮੰਤਰੀ ਚੰਨੀ ਸਰਕਾਰ ਚਲਾਉਣ ਦੇ ਕਾਬਿਲ ਹਨ। ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵੀ ਮੁੱਖ ਮੰਤਰੀ ਬਣਨ ਦੀ ਇੱਛਾ 'ਚ ਕਿਸੇ ਨੂੰ ਚੱਲਣ ਨਹੀਂ ਦੇਣਗੇ। ਕੈਪਟਨ ਨੇ ਕਿਹਾ ਕਿ ਇਨ੍ਹਾਂ ਤਿੰਨਾਂ ਨੇ ਮੇਰੀ ਪਿੱਠ 'ਚ ਛੁਰਾ ਮਾਰਿਆ ਹੈ। ਹੁਣ ਇਹ ਆਪਸ 'ਚ ਲੜ ਰਹੇ ਹਨ। ਕੈਪਟਨ ਨੇ ਇਹ ਵੀ ਕਿਹਾ ਕਿ ਚੰਨੀ ਸਰਕਾਰ ਅੱਜ ਉਪਲਬੱਧੀਆਂ ਦਾ ਬਿਓਰਾ ਦੇ ਰਹੀ ਹੈ, ਪਰ ਇਹ ਉਹੀ ਉਪਲਬਧੀਆਂ ਹਨ, ਜਿਨ੍ਹਾਂ ਨੂੰ ਉਨ੍ਹਾਂ ਨੇ ਅਮਲੀਜਾਮਾ ਪੁਆਇਆ। ਪੰਜਾਬ ਕੋਲ ਨਵੀਂਆਂ ਯੋਜਨਾਵਾਂ ਨੂੰ ਅਮਲ 'ਚ ਲਿਆਉਣ ਦਾ ਪੈਸਾ ਨਹੀਂ। ਐਲਾਨ ਤਾਂ ਕੋਈ ਵੀ ਕਰ ਸਕਦਾ ਹੈ ਪਰ ਹਕੀਕਤ 'ਚ ਸਭ ਝੂਠ ਹੈ। ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ।

ਸਿੱਧੂ ਨੂੰ ਪ੍ਰਧਾਨ ਬਣਾਉਣ ਲਈ ਸਿਰਫ਼ ਚਾਰ ਵਿਧਾਇਕ ਸਨ ਸਹਿਮਤ

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ 'ਤੇ ਵੱਡਾ ਹਮਲਾ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਦਿੱਲੀ 'ਚ ਕਾਂਗਰਸ ਹਾਈਕਮਾਨ ਨਾਲ ਹੋਈ ਵਿਧਾਇਕਾਂ ਦੀ ਮੁਲਾਕਾਤ ਦੌਰਾਨ 80 ਵਿੱਚੋਂ ਸਿਰਫ਼ ਚਾਰ ਵਿਧਾਇਕਾਂ ਨੇ ਨਵਜੋਤ ਸਿੱਧੂ ਨੂੰ ਪੰਜਾਬ ਕਾਂਗਰਸ ਪ੍ਰਧਾਨ ਬਣਾਉਣ 'ਤੇ ਸਹਿਮਤੀ ਜਤਾਈ ਸੀ। ਇੱਕ ਗੱਲਬਾਤ ਦੌਰਾਨ ਕੈਪਟਨ ਨੇ ਕਿਹਾ ਕਿ 76 ਵਿਧਾਇਕਾਂ ਨੇ ਸਿੱਧੂ ਦੇ ਨਾਮ 'ਤੇ ਵਿਰੋਧ ਜਤਾਇਆ ਸੀ, ਪਰ ਕਾਂਗਰਸ ਹਾਈਕਮਾਨ ਨੇ ਨਵਜੋਤ ਸਿੱਧੂ ਨੂੰ ਹੀ ਪੰਜਾਬ ਕਾਂਗਰਸ ਪ੍ਰਧਾਨ ਬਣਾਇਆ। ਕੈਪਟਨ ਨੇ ਕਿਹਾ ਕਿ ਦਿੱਲੀ 'ਚ ਹਾਈਕਮਾਨ ਨੇ ਜੋ ਵਿਧਾਇਕਾਂ ਨਾਲ ਗੱਲਬਾਤ ਕੀਤੀ, ਉਹ ਤਾਂ ਸਿਰਫ਼ ਉਨ੍ਹਾਂ ਨੂੰ ਕੱਢਣ ਲਈ ਡਰਾਮਾ ਸੀ।

ਅਰੂਸਾ ਆਲਮ 'ਤੇ ਹਮਲਾ ਛੋਟੀ ਸੋਚ- ਕੈਪਟਨ ਨੇ ਅਰੂਸਾ ਆਲਮ ਦੇ ਜ਼ਰੀਏ ਉਨ੍ਹਾਂ 'ਤੇ ਹੋਏ ਨਿੱਜੀ ਹਮਲਿਆਂ 'ਤੇ ਕਿਹਾ ਕਿ ਇਹ ਛੋਟੀ ਸੋਚ ਦਰਸਾਉਂਦਾ ਹੈ। ਅਜਿਹੇ ਲੋਕ ਔਰਤਾਂ ਦੀ ਕਾਬਲੀਅਤ 'ਤੇ ਭਰੋਸਾ ਨਹੀਂ ਰੱਖਦੇ। ਇਨ੍ਹਾਂ ਦੀ ਸੋਚ ਹੈ ਕਿ ਜੇਕਰ ਕੋਈ ਔਰਤ ਨਾਲ ਹੈ ਤਾਂ ਉਸ ਦੇ ਹੋਰ ਕਾਰਨ ਹਨ ਜਦੋਂਕਿ ਅਰੂਸਾ ਆਲਮ ਡਿਫ਼ੈਂਸ ਅਤੇ ਵਿਦੇਸ਼ੀ ਮਾਮਲਿਆਂ ਦੀ ਚੰਗੀ ਸਮਝ ਰੱਖਦੇ ਹਨ। ਮੇਰਾ ਵੀ ਇਨ੍ਹਾਂ ਖੇਤਰਾਂ 'ਚ ਰੁਝਾਨ ਹੈ।


Nlight
Solid like a Rock
Looking to Buy/Sell ?
We know the difference between Home & House
Honesty, Integrity & Experience
Specializing in Investment & Income Producing Real Estate
Nlight Real Estate
Tel:516 NLIGHT4
MLS
Since 2007
Sharanjit Singh Thind
Real Estate Broker/Notary Public
180 Broadway, PH 3A, Hicksville NY 11801
Email: homes@nlightrealestate.com
www.nlightrealestate.com

# ਨੌਜਵਾਨ ਸ਼ਕਤੀ ਨੂੰ ਸਹੀ ਰਾਹ ਪਾਉਣ ਦੀ ਲੋੜ

ਨੌਜਵਾਨ ਕਿਸੇ ਦੇਸ਼ ਤੇ ਕੌਮ ਦਾ ਸਰਮਾਇਆ ਹੁੰਦੇ ਹਨ। ਦੇਸ਼ ਦੀ ਤਰੱਕੀ ਉਸ ਦੇਸ਼ ਦੇ ਨੌਜਵਾਨਾਂ 'ਤੇ ਹੀ ਨਿਰਭਰ ਕਰਦੀ ਹੈ। ਮੁਲਕ ਭਰ ਵਿੱਚ 15 ਤੋਂ 24 ਸਾਲ ਦੀ ਉਮਰ ਦੀ ਅਬਾਦੀ ਕੁਲ ਅਬਾਦੀ ਦਾ ਕਰੀਬ 22 ਫੀਸਦੀ ਹੈ। ਪਰ ਅਜੋਕੇ ਸਮੇਂ ਵਿੱਚ ਅੱਜ ਦੀ ਨੌਜਵਾਨ ਪੀੜ੍ਹੀ ਅਸਲੀ ਮਕਸਦ ਤੋਂ ਭਟਕਦੀ ਨਜ਼ਰ ਆ ਰਹੀ ਹੈ। ਵਧੀਆ ਮੋਬਾਇਲ ਫੋਨ, ਮੋਟਰ ਸਾਈਕਲ, ਵਿਦੇਸ਼ੀ ਕੰਪਨੀਆਂ ਦੇ ਕੱਪੜੇ ਤੇ ਖਾਣ ਪੀਣ ਦੀ ਐਸ਼ ਪ੍ਰਸਤੀ ਵਿੱਚ ਬਹੁ ਗਿਣਤੀ ਨੌਜਵਾਨ ਆਪਣਾ ਕੀਮਤੀ ਵਕਤ ਅਜਾਈਂ ਗੁਆ ਕੇ ਮਾਪਿਆਂ ਦੀਆਂ ਆਸਾਂ ਉਮੀਦਾਂ ਨੂੰ ਮਿੱਟੀ ਵਿੱਚ ਮਿਲਾ ਦਿੰਦੇ ਹਨ। ਨੌਜਵਾਨ ਪੀੜ੍ਹੀ ਵਿੱਚ ਮਿਹਨਤ ਕਰਨ ਦੀ ਆਦਤ ਖਤਮ ਹੋ ਗਈ ਹੈ। ਨੌਜਵਾਨਾਂ ਵੱਲੋਂ ਹਰੇਕ ਖੇਤਰ ਵਿੱਚ ਸਫਲ ਹੋਣ ਲਈ ਗਲਤ ਤਰੀਕੇ ਅਪਣਾਏ ਜਾ ਰਹੇ ਹਨ। ਜਿਵੇਂ ਕਿ ਪੜ੍ਹਾਈ ਵਿੱਚ ਨਕਲ ਮਾਰਕੇ ਪਾਸ ਹੋਣਾ ਆਦਿ। ਨੌਜਵਾਨ ਮਾਪਿਆਂ ਨਾਲ ਘਰੇਲੂ ਕੰਮਾਂ ਵਿੱਚ ਬਿਲਕੁਲ ਹੱਥ ਨਹੀਂ ਵਟਾਉਂਦੇ। ਹਾਲਾਂਕਿ ਗੁਰੂ ਨਾਨਕ ਸਾਹਿਬ ਦੀ ਫਿਲਾਸਫੀ ਦੇ ਸਿਧਾਂਤ ਅਨੁਸਾਰ ਕਿਰਤ ਦਾ ਜੀਵਨ ਵਿੱਚ ਬਹੁਤ ਮਹੱਤਵ ਹੈ। ਘਰਾਂ ਵਿੱਚ ਖੁਦ ਕੰਮ ਕਰਨ ਦੇ ਸਥਾਨ 'ਤੇ ਕਾਮਿਆਂ ਤੋਂ ਕੰਮ ਕਰਵਾਇਆ ਜਾਂਦਾ ਹੈ। ਨੌਜਵਾਨ ਵਿਹਲੇ ਰਹਿਣ ਦੇ ਆਦੀ ਹੋ ਗਏ ਹਨ। ਨਸ਼ਿਆਂ ਦੀ ਲਾਹਨਤ ਦਾ ਸ਼ਿਕਾਰ ਹੋਣ ਵਾਲਿਆਂ ਵਿੱਚ ਵੱਡੀ ਗਿਣਤੀ ਨੌਜਵਾਨਾਂ ਦੀ ਹੈ। ਨਸ਼ਿਆਂ ਦੀ ਖਾਤਰ ਪੈਸੇ ਦੀ ਲੋੜ ਪੂਰੀ ਕਰਨ ਲਈ ਨੌਜਵਾਨ ਜੁਰਮ ਦੀ ਦੁਨੀਆਂ ਵਿੱਚ ਦਾਖਲ ਹੋ ਜਾਂਦੇ ਹਨ। ਏਮਜ਼ ਦੀ ਫਰਵਰੀ 2019 ਦੀ ਰਿਪੋਰਟ ਅਨੁਸਾਰ ਪੂਰੇ ਦੇਸ਼ ਵਿੱਚ 72 ਲੱਖ ਲੋਕ ਨਸ਼ੇ ਦੇ ਆਦੀ ਹਨ। 6 ਕਰੋੜ ਲੋਕ ਇਕੱਲੀ ਸ਼ਰਾਬ ਦੇ ਆਦੀ ਹਨ। ਪੰਜਾਬ ਦੇ 16 ਤੇ 17 ਸਾਲ ਦੀ ਉਮਰ ਦੇ ਮੁੰਡੇ ਸਾਰੇ ਪ੍ਰਾਤਾਂ ਨਾਲੋਂ ਵੱਧ ਸ਼ਰਾਬ ਪੀਂਦੇ ਹਨ। ਇਸ ਸਮੇਂ ਪੰਜਾਬ ਵਿੱਚ ਲਗਭਗ ਸਵਾ ਲੱਖ ਨੌਜਵਾਨ ਸ਼ਰਾਬ ਪੀਂਦੇ ਹਨ, ਜੋ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਦੀ ਬਦਤਰ ਹਾਲਤ ਦਾ ਸਬੂਤ ਹੈ। ਸੜਕ ਹਾਦਸਿਆਂ ਵਿੱਚ ਮਰਨ ਵਾਲਿਆਂ ਵਿੱਚ ਵੀ ਵੱਡੀ ਗਿਣਤੀ ਨੌਜਵਾਨਾਂ ਦੀ ਹੁੰਦੀ ਹੈ। ਨੌਜਵਾਨ ਰੋਟੀ ਖਾਣੀ ਭੁੱਲ ਸਕਦੇ ਹਨ, ਕੋਈ ਹੋਰ ਕੰਮ ਪਿੱਛੇ ਪਾ ਸਕਦੇ ਹਨ ਪਰ ਮੋਬਾਇਲ ਦਾ ਚੇਤਾ ਕਦੇ ਨਹੀਂ ਭੁੱਲਦੇ। ਨੌਜਵਾਨਾਂ ਨੂੰ ਆਪਣੀ ਸੂਝਬੂਝ ਦੀ ਵਰਤੋਂ ਕਰਦਿਆਂ ਗੈਰ ਸਮਾਜੀ ਅਨਸਰਾਂ ਦੇ ਬਹਿਕਾਵੇ ਵਿੱਚ ਆ ਕੇ ਆਪਣੇ ਜੀਵਨ ਦੀ ਬਲੀ ਤੋਂ ਬਚਣਾ ਚਾਹੀਦਾ ਹੈ।

ਨਸ਼ੇ ਵਰਗੀ ਭੈੜੀ ਬੀਮਾਰੀ ਦਾ ਕਾਰਨ ਅਜੋਕੀ ਸਿੱਖਿਆ ਪ੍ਰਣਾਲੀ ਅਤੇ ਬੇਰੁਜ਼ਗਾਰੀ ਹੈ। ਬੇਰੁਜ਼ਗਾਰੀ ਕਾਰਨ ਨੌਜਵਾਨ ਖੁਦਕੁਸ਼ੀਆਂ ਕਰ ਰਹੇ ਹਨ। ਖੁਦਕੁਸ਼ੀਆਂ ਦੇ ਮਾਮਲੇ ਵਿੱਚ ਮਜ਼ਦੂਰ ਤੇ ਵਿਦਿਆਰਥੀ ਕਿਸਾਨਾਂ ਨਾਲੋਂ ਵੀ ਅੱਗੇ ਲੰਘ ਗਏ ਹਨ। 2019 ਵਿੱਚ 21 ਫੀਸਦੀ ਤੋਂ ਵੱਧ ਵਿਦਿਆਰਥੀਆਂ ਨੇ ਖੁਦਕੁਸ਼ੀਆਂ ਕੀਤੀਆਂ। ਬੇਰੁਜ਼ਗਾਰਾਂ ਦੀਆਂ ਖੁਦਕੁਸ਼ੀਆਂ ਵਿੱਚ ਵੀ 11.65 ਫੀਸਦੀ ਵਾਧਾ ਹੋਇਆ ਹੈ। ਪਿਛਲੇ ਸਾਲ ਜੋ ਖੁਦਕੁਸ਼ੀਆਂ ਵਿਦਿਆਰਥੀਆਂ ਤੇ ਮਜ਼ਦੂਰਾਂ ਨੇ ਕੀਤੀਆਂ ਉਹ ਤਾਲਾਬੰਦੀ ਕਰਕੇ ਨਹੀਂ ਸਗੋਂ ਉਸ ਵਕਤ ਦੇ ਸ਼ਾਸਕ ਅਤੇ ਪ੍ਰਸ਼ਾਸਕ ਦੀ ਕਠੋਰਤਾ ਤੇ ਨਕਾਮੀ ਦਾ ਨਤੀਜਾ ਸੀ। ਬੇਰੁਜ਼ਗਾਰੀ ਦੀ ਵਜਾਹ ਕਾਰਨ ਹੀ ਨੌਜਵਾਨ ਗਲਤ ਤਰੀਕੇ ਨਾਲ ਪੈਸਾ ਕਮਾਉਣ ਦੀ ਕੋਸ਼ਿਸ਼ ਕਰਦੇ ਹਨ। ਪੜ੍ਹਾਈ ਉੱਪਰ ਲੱਖਾਂ ਰੁਪਏ ਖਰਚ ਕਰਕੇ ਜਦੋਂ ਨੌਜਵਾਨਾਂ ਨੂੰ ਨੌਕਰੀ ਨਹੀਂ ਮਿਲਦੀ ਤਾਂ ਉਹ ਵਿਦੇਸ਼ਾਂ ਨੂੰ ਰੁਖ ਕਰਨਾ ਹੀ ਬਿਹਤਰ ਸਮਝਦੇ ਹਨ। ਵਿਦੇਸ਼ ਜਾਣ ਲਈ ਨੌਜਵਾਨ ਲੱਖਾਂ ਰੂਪੈ ਖਰਚ ਕਰਦੇ ਹਨ। ਜ਼ਿਆਦਾਤਰ ਨੌਜਵਾਨ ਆਈਲੈਟਸ ਕਰਕੇ ਪੜ੍ਹਾਈ ਵੀਜ਼ੇ ਦੇ ਤੌਰ 'ਤੇ ਵਿਦੇ ?ਸ ਜਾ ਰਹੇ ਹਨ। ਅਜਿਹੇ ਨੌਜਵਾਨ ਵਿਦੇਸ਼ਾਂ ਵਿੱਚ ਜਾ ਕੇ ਨਿੱਕਾ ਮੋਟਾ ਕੰਮ ਕਰਨ ਲਈ ਤਿਆਰ ਹੁੰਦੇ ਹਨ ਪਰ ਆਪਣੇ ਮੁਲਕ ਵਿੱਚ ਅਜਿਹੇ ਕੰਮ ਨੌਜਵਾਨਾਂ ਨੂੰ ਆਪਣੀ ਸ਼ਾਨ ਦੇ ਖਿਲਾਫ ਲੱਗਦੇ ਹਨ। ਬੇਰੁਜ਼ਗਾਰੀ, ਨਸ਼ੇ ਆਦਿ ਵਰਗੀਆਂ ਬੀਮਾਰੀਆਂ ਨੇ ਘਰਾਂ ਵਿੱਚ ਤਣਾਉ ਅਤੇ ਕਲੇਸ਼ ਪੈਦਾ ਕੀਤਾ ਹੈ।

ਅਜੋਕੀ ਨੌਜਵਾਨ ਪੀੜ੍ਹੀ ਵਿੱਚ ਮਾਪਿਆਂ ਪ੍ਰਤੀ ਸਤਿਕਾਰ ਬਹੁਤ ਘਟ ਗਿਆ ਹੈ। ਪਿੰਡਾਂ ਵਿੱਚ ਵੀ ਪਹਿਲਾਂ ਵਰਗਾ ਮੇਲਜੋਲ ਨਹੀਂ ਰਿਹਾ। ਨੌਜਵਾਨ ਪੀੜ੍ਹੀ ਵਿਖਾਵੇ ਦੀ ਹੋੜ ਵਿੱਚ ਲੱਗੀ ਹੋਈ ਹੈ। ਅੱਜ ਦੀ ਯੁਵਾ ਪੀੜ੍ਹੀ ਨੂੰ ਅਸਲੇ ਦਾ ਬਹੁਤ ਸ਼ੌਕ ਹੈ ਅਤੇ ਪੰਜਾਬੀ ਗੀਤਾਂ ਵਿੱਚ ਵੀ ਸੱਭਿਆਚਾਰਕ ਮਾਹੌਲ ਦੀ ਥਾਂ 'ਤੇ ਹਥਿਆਰਾਂ ਦਾ ਵਿਖਾਵਾ ਹੀ ਕੀਤਾ ਜਾਂਦਾ ਹੈ। ਇਹ ਸਭ ਹਾਲਾਤ ਨੌਜਵਾਨਾਂ ਨੂੰ ਗਲਤ ਦਿਸ਼ਾ ਵੱਲ ਲੈ ਜਾਂਦੇ ਹਨ। ਪੰਜਾਬੀ ਗੀਤ ਸੰਗੀਤ ਵਿੱਚ ਅਸ਼ਲੀਲਤਾ ਆਮ ਹੀ ਵੇਖਣ ਨੂੰ ਮਿਲਦੀ ਹੈ। ਭਾਰਤੀ ਸੱਭਿਆਚਾਰ ਦੀ ਇਹ ਇੱਕ ਮਹੱਤਵਪੂਰਨ ਵਿਸ਼ੇਸ਼ਤਾ ਸੀ ਕਿ ਪਿੰਡ, ਮਹੱਲੇ ਦੀ ਕੁੜੀ ਭਾਵੇਂ ਉਹ ਕਿਸੇ ਵੀ ਜਾਤ, ਧਰਮ ਆਦਿ ਨਾਲ ਸਬੰਧ ਰੱਖਦੀ ਹੁੰਦੀ, ਹਰ ਨੌਜਵਾਨ ਦੀ ਭੈਣ ਮੰਨੀ ਜਾਂਦੀ ਸੀ। ਪਰ ਅੱਜ ਬੇ-ਹਯਾਈ ਸਾਰੀਆਂ ਹੱਦਾਂ ਟੱਪ ਗਈ ਹੈ। ਅੱਜ ਗੁਆਢੀਆਂ ਅਤੇ ਨੇੜੇ ਦੇ ਰਿਸ਼ਤੇਦਾਰਾਂ ਵੱਲੋਂ ਵੀ ਛੋਟੀਆਂ ਛੋਟੀਆਂ ਮਾਸੂਮ ਬਾਲੜੀਆਂ ਨਾਲ ਅਣਮਨੁੱਖੀ ਕਾਰਾ, ਜਬਰ ਜਨਾਹ ਕੀਤਾ ਜਾ ਰਿਹਾ ਹੈ। ਧੀ ਭੈਣ ਦੇ ਪਹਿਰਾਵੇ ਨੂੰ ਦੇਖ ਕੇ ਬਾਪ-ਭਰਾ ਆਦਿ ਨੂੰ ਅੱਖਾਂ ਨੀਵੀਆਂ ਕਰਨੀਆਂ ਪੈਂਦੀਆਂ ਹਨ। ਪੈਸਾ ਕਮਾਉਣ ਦੇ ਉਦੇਸ਼ ਨਾਲ ਸਾਡੇ ਅਮੀਰ ਸੱਭਿਆਚਾਰ ਅਤੇ ਨੈਤਿਕ ਸਿਧਾਤਾਂ ਨੂੰ ਸੂਲੀ ਚੜ੍ਹਾਕੇ ਟੀ.ਵੀ. ਚੈਨਲਾਂ ਰਾਹੀਂ ਅਸ਼ਲੀਲਤਾ ਅਤੇ ਨਿਰਲੱਜਤਾ ਨੂੰ ਖੁੱਲ੍ਹ ਕੇ ਭਾਰਤੀ ਨੌਜਵਾਨਾਂ ਅੱਗੇ ਪਰੋਸਿਆ ਜਾ ਰਿਹਾ ਹੈ। ਗੀਤਾਂ ਅਤੇ ਫਿਲਮਾਂ ਰਾਹੀਂ ਨੌਜਵਾਨਾਂ ਨੂੰ ਨਸ਼ਿਆਂ ਦੀ ਲੱਤ ਲਗਾਈ ਜਾ ਰਹੀ ਹੈ। ਗੱਲ ਕੀ ਅੱਜ ਦੀ ਨੌਜਵਾਨ ਪੀੜ੍ਹੀ ਨਾ ਤਾਂ ਖੇਤਾਂ ਵਿੱਚ ਮਿਹਨਤ ਕਰਨ ਜੋਗੀ ਰਹੀ ਹੈ, ਨਾ ਹੀ ਸਰਹੱਦਾਂ ਦੀ ਰਾਖੀ ਕਰਨ ਵਾਲੀ। ਬਜ਼ੁਰਗਾਂ, ਮਾਪਿਆਂ ਅਤੇ ਵੱਡਿਆਂ ਦੇ ਸਤਿਕਾਰ ਦੀ ਭਾਵਨਾ ਤਾਂ ਕਿਤੇ ਵਿਰਲੀ ਹੀ ਦੇਖਣ ਨੂੰ ਮਿਲਦੀ ਹੈ।

ਨੌਜ਼ਵਾਨਾਂ ਦੀ ਵਿਦੇਸ਼ ਜਾਣ ਦੀ ਇੱਛਾ ਨੇ ਪੰਜਾਬੀ ਮਾਂ ਬੋਲੀ ਅਤੇ ਸੱਭਿਆਚਾਰ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ ਅਤੇ ਮਾਪੇ ਆਪਣੇ ਬੱਚਿਆਂ ਦੇ ਬਿਹਤਰ ਭਵਿੱਖ ਲਈ ਸ਼ੁਰੂ ਤੋਂ ਹੀ ਅੰਗਰੇਜ਼ੀ ਸਕੂਲਾਂ ਵਿੱਚ ਦਾਖਲਾ ਕਰਵਾਉਂਦੇ ਹਨ। ਇਨ੍ਹਾਂ ਸਕੂਲਾਂ ਵਿੱਚ ਬੱਚਿਆਂ ਨੂੰ ਸਿਰਫ ਅੰਗਰੇਜ਼ੀ ਹੀ ਸਿਖਾਈ ਜਾਂਦੀ ਹੈ ਕਈ ਸਕੂਲਾਂ ਵਿੱਚ ਪੰਜਾਬੀ ਬੋਲਣ 'ਤੇ ਬੱਚੇ ਨੂੰ ਜੁਰਮਾਨਾ ਭਰਨਾ ਪੈਂਦਾ ਹੈ। ਅਜਿਹੀਆਂ ਸਥਿਤੀਆਂ ਸਾਡੀ ਪੰਜਾਬੀ ਮਾਂ ਬੋਲੀ ਲਈ ਬਹੁਤ ਘਾਤਕ ਹਨ। ਇਸ ਦੌੜ ਨੇ ਸਾਡੇ ਪੰਜਾਬ ਨੂੰ ਅੱਜ ਅਜਿਹੇ ਮੋੜ 'ਤੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ ਜਿੱਥੋਂ ਵਾਪਸ ਮੁੜਨਾ ਬਹੁਤ ਮੁਸ਼ਕਲ ਹੈ।

ਅਜੋਕੀ ਨੌਜਵਾਨ ਪੀੜ੍ਹੀ ਅਨੁਸ਼ਾਸਨਹੀਣ ਹੁੰਦੀ ਜਾ ਰਹੀ ਹੈ। ਇਹ ਪੀੜ੍ਹੀ ਬਜ਼ੁਰਗਾਂ ਦਾ ਸਨਮਾਨ ਨਹੀਂ ਕਰਦੀ। ਬਜ਼ੁਰਗ ਮਾਪਿਆਂ ਨੂੰ ਬਿਰਧ ਆਸ਼ਰਮਾਂ ਵਿੱਚ ਭੇਜਣ ਨੂੰ ਤਾਂ ਹੁਣ ਸ਼ੁਗਲ ਮੰਨਿਆ ਜਾਣ ਲੱਗਾ ਹੈ। ਸਾਡੇ ਗੁਰੂਆਂ, ਪੀਰਾਂ, ਫਕੀਰਾਂ ਨੇ ਤਾਂ ਮਨ ਨੀਵਾਂ ਮੱਤ ਉੱਚੀ ਦਾ ਸੰਦੇਸ਼ ਦਿੱਤਾ ਸੀ ਪਰ ਅੱਜਕੱਲ੍ਹ ਇਸਦੇ ਉਲਟ ਦਿਖਾਵਾ ਕਰਨ ਨੂੰ ਸ਼ਾਨ ਸਮਝਿਆ ਜਾ ਰਿਹਾ ਹੈ। ਅੱਜ ਦੀ ਨੌਜਵਾਨ ਪੀੜ੍ਹੀ ਆਪਣੀ ਮਰਜ਼ੀ ਕਰਦੀ ਹੈ ਅਤੇ ਕਈ ਤਰ੍ਹਾਂ ਦੀਆਂ ਨਾਂਹ ਪੱਖੀ ਗੱਲਾਂ ਵਿੱਚ ਰੁੱਝੀ ਰਹਿੰਦੀ ਹੈ। ਅਜੋਕੀ ਪੀੜ੍ਹੀ ਦੇ ਇਸ ਰਵੱਈਏ ਦਾ ਕਾਰਨ ਇਹ ਹੈ ਕਿ ਮੌਜੂਦਾ ਸਮੇਂ ਸਕੂਲਾਂ ਅਤੇ ਪਰਿਵਾਰ ਵਿੱਚ ਇਨ੍ਹਾਂ ਗੱਲਾਂ ਨੂੰ ਜ਼ਿਆਦਾ ਅਹਿਮੀਅਤ ਨਹੀਂ ਦਿੱਤੀ ਜਾਂਦੀ। ਨੌਜਵਾਨਾਂ ਵਿੱਚ ਨਿਰਾਸ਼ਾ ਤੇ ਅਸ਼ੰਤੋਸ਼ ਦਿਖਾਈ ਦਿੰਦਾ ਹੈ। ਇਸਦਾ ਮੂਲ ਕਾਰਨ ਇਹੀ ਹੈ ਕਿ ਨੌਜਵਾਨਾਂ ਨੂੰ ਜ਼ਿੰਦਗੀ ਵਿੱਚ ਅਜਿਹੇ ਹਾਲਾਤ ਦਾ ਮੁਕਾਬਲਾ ਕਰਨ ਸਬੰਧੀ ਪੂਰੀ ਜਾਣਕਾਰੀ ਅਤੇ ਸਿਖਲਾਈ ਨਹੀਂ ਮਿਲਦੀ। ਦਹੇਜ਼, ਬਾਲ ਵਿਆਹ, ਬਜ਼ੁਰਗਾਂ ਨਾਲ ਦੁਰ ਵਿਵਹਾਰ ਆਦਿ ਸਮਾਜਿਕ ਬੁਰਾਈਆਂ ਬਾਰੇ ਵਿਦਿਆਰਥੀਆਂ ਨੂੰ ਰਚਨਾਤਮਿਕ ਢੰਗ ਨਾਲ ਸਿੱਖਿਆ ਦੇਣੀ ਚਾਹੀਦੀ ਹੈ। ਅਧਿਆਪਕ ਨੂੰ ਵਿਸ਼ੇ ਦੀ ਸਿੱਖਿਆ ਦੇਣ ਦੇ ਨਾਲ ਨਾਲ ਨੈਤਿਕ ਕੀਮਤਾਂ ਦੀ ਸਿੱਖਿਆ ਵੀ ਵਿਦਿਆਰਥੀਆਂ ਨੂੰ ਜ਼ਰੂਰ ਦੇਣੀ ਚਾਹੀਦੀ ਹੈ, ਜਿਸ ਨਾਲ ਵਿਦਿਆਰਥੀਆਂ ਵਿੱਚ ਚੰਗੇ ਨਾਗਰਿਕ ਬਣਨ ਦੀ ਕਲਾ ਆ ਸਕੇ।

ਪੂੰਜੀਵਾਦ ਦੇ ਪ੍ਰਭਾਵ ਹੇਠ ਵਿੱਦਿਅਕ ਪ੍ਰਣਾਲੀ ਨੂੰ ਬਹੁਤ ਹੀ ਯੋਜਨਾ ਪੂਰਵਕ ਢੰਗ ਨਾਲ ਇਸ ਤਰ੍ਹਾਂ ਬਣਾਇਆ ਜਾ ਰਿਹਾ ਹੈ, ਜਿਸ ਨਾਲ ਵਿਦਿਆਰਥੀ ਨੂੰ ਚੰਗੇ ਇਨਸਾਨ ਨਹੀਂ ਸਗੋਂ ਕਦਰਾਂ ਕੀਮਤਾਂ ਤੋਂ ਮੁਕਤ ਪੈਸਾ ਕਮਾਉਣ ਵਾਲੇ ਰੋਬੌਟ ਬਣਾਇਆ ਜਾ ਸਕੇ। ਸਿੱਖਿਆ ਪ੍ਰਣਾਲੀ ਦੀ ਹਾਲਤ ਇੰਨੀ ਪਤਲੀ ਹੈ ਕਿ ਪਹਿਲਾਂ ਤਾਂ ਦਰਮਿਆਨੇ ਵਰਗ ਨੂੰ ਵਿੱਦਿਅਕ ਸੰਸਥਾਵਾਂ ਵਿੱਚ ਦਾਖਲਾ ਨਹੀਂ ਮਿਲਦਾ ਕਿਉਂਕਿ ਇਨ੍ਹਾਂ ਅਦਾਰਿਆਂ ਦੀਆਂ ਫੀਸਾਂ ਅਸਮਾਨ ਨੂੰ ਛੂਹ ਰਹੀਆਂ ਹਨ। ਜੇਕਰ ਵਿਦਿਆਰਥੀਆਂ ਨੂੰ ਦਾਖਲਾ ਮਿਲ ਵੀ ਜਾਂਦਾ ਹੈ ਤਾਂ ਅੱਗੋਂ ਕੋਈ ਰੁਜ਼ਗਾਰ ਨਹੀਂ ਹੈ। ਕੰਮ ਸਿੱਖਣ ਦੀ ਉਮਰ ਪੜ੍ਹਾਈ ਵਿੱਚ ਗੁਜ਼ਰ ਜਾਂਦੀ ਹੈ। ਜਦੋਂ ਪੜ੍ਹਾਈ ਪੂਰੀ ਕਰਨ 'ਤੇ ਰੁਜ਼ਗਾਰ ਨਹੀਂ ਮਿਲਦਾ ਤਾਂ ਅਜਿਹਾ ਨੌਜਵਾਨ ਕਿਸੇ ਪਾਸੇ ਜੋਗਾ ਨਹੀਂ ਰਹਿੰਦਾ।

# ਕਿਸਾਨ ਅੰਦੋਲਨ ਦੀਆਂ ਅਗਲੀਆਂ ਜ਼ਿੰਮੇਵਾਰੀਆਂ

ਗੁਰੂ ਨਾਨਕ ਦੇਵ ਜੀ ਦੇ 552ਵੇਂ ਪ੍ਰਕਾਸ਼ ਦਿਵਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੌਮ ਦੇ ਨਾਮ ਸੰਦੇਸ਼ ਸਮੇਂ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਅਤੇ ਘੱਟੋ-ਘੱਟ ਸਮਰਥਨ ਮੁੱਲ ਤੇ ਹੋਰ ਮੁੱਦਿਆਂ ਉੱਤੇ ਕਮੇਟੀ ਬਣਾਉਣ ਦਾ ਐਲਾਨ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਆਉਣ ਵਾਲੇ ਮੌਨਸੂਨ ਸੈਸ਼ਨ ਦੌਰਾਨ ਕਾਨੂੰਨੀ ਪ੍ਰਕਿਰਿਆ ਰਾਹੀਂ ਆਪਣੇ ਐਲਾਨ ਉੱਤੇ ਅਮਲ ਕਰਨ ਦਾ ਵਾਅਦਾ ਕੀਤਾ ਹੈ। ਇਹ ਸੱਤਾ ਦੇ ਜਬਰ, ਹੰਕਾਰ, ਫ਼ਰੇਬ, ਝੂਠੇ ਪ੍ਰਾਪੇਗੰਡੇ, ਵੰਡਪਾਊ ਸੋਚ ਖਿਲਾਫ਼ ਲੜਾਈ ਵਿਚ ਸਬਰ, ਸੰਤੋਖ, ਸਹਿਜ, ਦ੍ਰਿੜਤਾ, ਤਪੱਸਿਆ, ਸਾਂਝੀਵਾਲਤਾ, ਹਿੰਮਤ, ਅਮਨਪਸੰਦਗੀ ਅਤੇ ਸਮੂਹਿਕ ਫ਼ੈਸਲੇ ਕਰਨ ਦੀ ਜਾਚ ਦੀ ਇਤਿਹਾਸਕ ਜਿੱਤ ਹੈ। ਪੰਜਾਬ ਤੋਂ ਸ਼ੁਰੂ ਹੋਏ ਇਸ ਅੰਦੋਲਨ ਨੂੰ ਕਿਸਾਨ, ਮਜ਼ਦੂਰ ਅਤੇ ਹੋਰ ਵਰਗਾਂ ਨੇ ਹੋਂਦ ਦੀ ਲੜਾਈ ਦੇ ਤੌਰ ਉੱਤੇ ਲੜਿਆ ਹੈ। ਸੰਯੁਕਤ ਕਿਸਾਨ ਮੋਰਚੇ ਨੇ ਇਸ ਐਲਾਨ ਉੱਤੇ ਨਪੀ ਤੁਲੀ ਪ੍ਰਤੀਕਿਰਿਆ ਦਿੱਤੀ ਹੈ। ਬੇਭਰੋਸਗੀ ਦਾ ਆਲਮ ਇਹ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਦੇ ਐਲਾਨ ਤੋਂ ਪਿੱਛੋਂ ਸੰਸਦੀ ਪ੍ਰਕਿਰਿਆ ਤੱਕ ਵਾਚਣ ਅਤੇ ਘੱਟੋ-ਘੱਟ ਸਮਰਥਨ ਮੁੱਲ ਉੱਤੇ ਕਾਨੂੰਨ ਦੀ ਗਰੰਟੀ, ਬਿਜਲੀ ਸੋਧ ਕਾਨੂੰਨ 2020 ਵਾਪਸ ਲੈਣ ਸਮੇਤ ਹੋਰ ਮੰਗਾਂ ਉੱਤੇ ਸੰਯੁਕਤ ਮੋਰਚੇ ਦੀ ਮੀਟਿੰਗ ਵਿਚ ਫ਼ੈਸਲਾ ਕੀਤਾ ਜਾਣਾ ਹੈ।ਪ੍ਰਧਾਨ ਮੰਤਰੀ ਨੇ ਸਪੱਸ਼ਟ ਕਿਹਾ ਹੈ ਕਿ ਇਹ ਕਾਨੂੰਨ ਦੇਸ਼ ਅਤੇ ਕਿਸਾਨਾਂ ਦੇ ਹਿੱਤ ਵਿਚ ਹਨ। ਦੇਸ਼ ਦੇ ਕਰੋੜਾਂ ਕਿਸਾਨਾਂ ਨੇ ਇਸ ਦਾ ਸਮਰਥਨ ਕੀਤਾ। ਉਨ੍ਹਾਂ ਦੀ ਤਪੱਸਿਆ ਵਿਚ ਹੀ ਕੋਈ ਕਮੀ ਸੀ ਕਿ ਉਹ ਇਕ ਗਰੁੱਪ ਨੂੰ ਸਮਝਾਉਣ ਵਿਚ ਕਾਮਯਾਬ ਨਹੀਂ ਹੋਏ। ਪ੍ਰਧਾਨ ਮੰਤਰੀ ਨੇ ਅੰਦੋਲਨ ਦੌਰਾਨ ਸ਼ਹੀਦ ਹੋਏ ਸੱਤ ਸੌ ਤੋਂ ਵੱਧ ਕਿਸਾਨਾਂ ਦਾ ਜ਼ਿਕਰ ਤੱਕ ਨਹੀਂ ਕੀਤਾ। ਇਸ ਦਾ ਸਾਫ਼ ਮਤਲਬ ਹੈ ਕਿ ਉਹ ਕਿਸਾਨ ਅੰਦੋਲਨ ਵੱਲੋਂ ਵੋਟ ਦੀ ਚੋਟ ਦੇ ਦਿੱਤੇ ਸੱਦੇ ਦੇ ਦਬਾਅ ਹੇਠ ਫ਼ੈਸਲਾ ਕਰਨ ਲਈ ਮਜਬੂਰ ਹੋਏ ਹਨ। ਇਹ ਫ਼ੈਸਲਾ ਵੀ ਉਨ੍ਹਾਂ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨਾਲ ਮੀਟਿੰਗ ਕਰ ਕੇ ਲੈਣ ਦੀ ਬਜਾਇ ਇਕਪਾਸੜ ਤੌਰ ਉੱਤੇ ਕਰ ਲਿਆ ਹੈ ਤਾਂ ਕਿ ਸਿਆਸੀ ਲਾਭ ਭਾਜਪਾ ਨੂੰ ਮਿਲ ਸਕੇ। ਇਹ ਧਾਰਨਾ ਹੈ ਕਿ ਪ੍ਰਧਾਨ ਮੰਤਰੀ ਦੀ ਕੁਰਸੀ ਉੱਤਰ ਪ੍ਰਦੇਸ਼ ਦੇ ਰਾਹ ਤੋਂ ਲੰਘ ਕੇ ਮਿਲਦੀ ਹੈ। ਸੰਯੁਕਤ ਮੋਰਚੇ ਨੇ ਹਿੰਦੂਤਵੀ ਸਿਆਸਤ ਤਹਿਤ ਪਿਛਲੇ ਸਾਲਾਂ ਦੌਰਾਨ ਹਿੰਦੂ-ਮੁਸਲਿਮ ਟਕਰਾਅ ਨੂੰ ਘਟਾਉਣ ਦਾ ਕੰਮ ਕੀਤਾ ਹੈ। ਮੁਜ਼ੱਫਰਨਗਰ ਮਹਾਪੰਚਾਇਤ ਦੇ ਰਿਕਾਰਡ ਤੋੜ ਇਕੱਠ ਦੇ ਸਾਹਮਣੇ 'ਇਹ ਤੋੜਨਗੇ ਅਸੀਂ ਜੋੜਾਂਗੇ' ਦਾ ਨਾਅਰਾ ਯੋਗੀ ਸਰਕਾਰ ਨੂੰ ਉਲਟਾ ਪੈਂਦਾ ਨਜ਼ਰ ਆ ਗਿਆ।ਸਰਕਾਰ ਨੇ ਖੇਤੀ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਅਤੇ ਰਾਜਾਂ ਦੇ ਅਧਿਕਾਰਾਂ ਤੇ ਛਾਪਾ ਮਾਰਨ ਦੀ ਰਣਨੀਤੀ ਨੂੰ ਆਪਣੇ ਵੱਲੋਂ ਖੂਬਸੂਰਤੀ ਨਾਲ ਅੰਜਾਮ ਦਿੱਤਾ ਸੀ। ਕੋਵਿਡ-19 ਦੇ ਡਰ ਕਾਰਨ ਘਰਾਂ ਅੰਦਰ ਵੜੇ ਲੋਕਾਂ ਦੀ ਮਾਨਸਿਕਤਾ ਦਾ ਲਾਭ ਉਠਾ ਕੇ 5 ਜੂਨ 2020 ਨੂੰ ਕੇਂਦਰ ਸਰਕਾਰ ਨੇ ਤਿੰਨ ਖੇਤੀ ਆਰਡੀਨੈਂਸ ਜਾਰੀ ਕਰ ਦਿੱਤੇ ਸਨ। ਸਰਕਾਰ ਅੱਜ ਤੱਕ ਵੀ ਇਹ ਸਾਬਿਤ ਨਹੀਂ ਕਰ ਸਕੀ ਕਿ ਅਜਿਹੀ ਕਿਹੜੀ ਐਮਰਜੈਂਸੀ ਸੀ ਕਿ ਆਰਡੀਨੈਂਸ ਜਾਰੀ ਕਰਨ ਲਈ ਮਜਬੂਰ ਹੋਣਾ ਪਿਆ। ਇਸ ਤੋਂ ਇਕ ਹੀ ਅਨੁਮਾਨ ਲਗਾਇਆ ਜਾ ਰਿਹਾ ਸੀ ਕਿ 'ਸਦਮਾ ਸਿਧਾਂਤ' ਦਾ ਲਾਭ ਉਠਾ ਕੇ ਖੇਤੀ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦਾ ਇਹ ਬਿਹਤਰੀਨ ਮੌਕਾ ਸੀ। ਇਸੇ ਕਰ ਕੇ ਖੇਤੀ ਸੂਬਾਈ ਵਿਸ਼ਾ ਹੋਣ ਦੇ ਬਾਵਜੂਦ ਸੰਵਿਧਾਨਕ ਕਦਰਾਂ-ਕੀਮਤਾਂ ਨੂੰ ਤਾਕ ਉੱਤੇ ਰੱਖ ਕੇ ਕੇਂਦਰ ਨੇ ਖ਼ੁਦ ਇਹ ਕਾਨੂੰਨ ਬਣਾ ਦਿੱਤੇ ਜਦਕਿ ਇਸ ਤੋਂ ਪਹਿਲਾਂ ਮਾਡਲ ਖੇਤੀ ਉਤਪਾਦ ਮੰਡੀ ਕਾਨੂੰਨ (ਏਪੀਐੱਮਸੀ) ਕਾਨੂੰਨ ਬਣਿਆ ਹੋਇਆ ਸੀ ਅਤੇ ਰਾਜ ਸਰਕਾਰਾਂ ਉੱਤੇ ਅਸਿੱਧੇ ਤੌਰ ਉੱਤੇ ਮਾਡਲ ਕਾਨੂੰਨ ਮੁਤਾਬਿਕ ਰਾਜਕੀ ਕਾਨੂੰਨਾਂ ਵਿਚ ਸੋਧ ਲਈ ਦਬਾਅ ਬਣਾਇਆ ਜਾ ਰਿਹਾ ਸੀ।ਦਿੱਲੀ ਵਿਚ ਨਾਗਰਿਕ ਸੋਧ ਬਿਲ ਦੇ ਵਿਰੋਧ ਵਿਚ ਬੀਬੀਆਂ ਦੀ ਅਗਵਾਈ ਵਿਚ ਸ਼ੁਰੂ ਹੋਏ ਸ਼ਾਹੀਨ ਬਾਗ਼ ਦੇ ਸ਼ਾਂਤਮਈ ਅੰਦੋਲਨ ਨੂੰ ਕਰੋਨਾ ਦੀ ਦਲੀਲ ਦੇ ਕੇ 101 ਦਿਨ ਪਿੱਛੋਂ ਉਠਾ ਦਿੱਤਾ ਗਿਆ ਸੀ। ਕਿਸਾਨ ਅੰਦੋਲਨ ਨੂੰ ਖਦੇੜਨ ਲਈ ਸਰਕਾਰ ਨੇ ਜੀਟੀ ਰੋਡ ਪੁੱਟ ਦਿੱਤੀ, ਕਰੇਨਾ ਖੜ੍ਹੀਆਂ ਕਰ ਦਿੱਤੀਆਂ, ਜ਼ਮੀਨਾਂ ਵਿਚ ਕਿੱਲਾਂ ਠੋਕ ਦਿੱਤੀਆਂ, ਅੱਥਰੂ ਗੈਸ ਦੇ ਗੋਲੇ ਅਤੇ ਪਾਣੀ ਦੀਆਂ ਬੁਛਾੜਾਂ ਦੇ ਕੀਤੇ ਬੰਦੋਬਸਤ ਦੋ ਦੇਸ਼ਾਂ ਦਰਮਿਆਨ ਜੰਗ ਲੱਗਣ ਦੀਆਂ ਸੰਭਾਵਨਾਵਾਂ ਵਾਲੀ ਝਲਕ ਪੇਸ਼ ਕਰ ਰਹੀਆਂ ਸਨ। ਅੰਦੋਲਨ ਨੂੰ ਖਾਲਿਸਤਾਨੀ, ਮਾਓਵਾਦੀ, ਪਾਕਿਸਤਾਨ ਸਪਾਂਸਰ, ਅਰਬਨ ਨਕਸਲੀ ਕਹਿ ਕੇ ਬਦਨਾਮ ਕਰਨ ਦੀ ਕੋਸ਼ਿਸ਼ ਹੋਈ। ਅੰਦੋਲਨ ਦੇ ਅੰਦਰੋਂ ਹੀ ਇਸ ਨੂੰ ਖੱਬੇ-ਪੱਖੀ ਬਨਾਮ ਪੰਥਕ, ਨੌਜਵਾਨ ਬਨਾਮ ਬਜ਼ੁਰਗ ਅਤੇ ਕਿਸਾਨ ਆਗੂਆਂ ਦੀ ਸਮਝਦਾਰੀ ਉੱਤੇ ਮੁੜ ਮੁੜ ਸਵਾਲ ਉਠਾਉਣ ਦੀ ਕੋਸ਼ਿਸ ਹੋਈ। ਇਨ੍ਹਾਂ ਸਭ ਮੁਸ਼ਕਿਲਾਂ ਵਿਚੋਂ ਅੰਦੋਲਨ ਸਾਬਤ ਕਦਮੀ ਅੱਗੇ ਵਧਦਾ ਗਿਆ। ਅੰਦੋਲਨ ਨੇ ਵੰਡ ਦੇ ਮੁਕਾਬਲੇ ਭਾਈਚਾਰੇ ਅਤੇ ਨਫ਼ਰਤ ਦੇ ਮੁਕਾਬਲੇ ਮੁਹੱਬਤ ਦਾ ਪੈਗ਼ਾਮ ਦਿੱਤਾ। ਸਮੂਹਿਕ ਆਗੂ ਟੀਮ ਵਾਲਾ ਇਹ ਸ਼ਾਨਦਾਰ ਅੰਦੋਲਨ ਹੋ ਨਿੱਬੜਿਆ। ਜਿੱਥੇ ਆਗੂਆਂ ਦੀ ਮੰਨੀ ਤਾਂ ਜਾਂਦੀ ਹੈ ਪਰ ਗ਼ਲਤੀ ਉੱਤੇ ਸੰਗਤ ਤੁਰੰਤ ਉਂਗਲ ਉਠਾ ਕੇ ਉਸ ਨੂੰ ਦੂਰ ਕਰਨ ਦੀ ਤਾਕੀਦ ਵੀ ਕਰ ਦਿੰਦੀ ਰਹੀ ਹੈ। ਇਸ ਕਰ ਕੇ ਅੰਦੋਲਨ ਲੱਗੇ ਝਟਕਿਆਂ ਵਿਚੋਂ ਵਾਰ ਵਾਰ ਉੱਭਰਦਾ ਰਿਹਾ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ
ਪੰਜਾਬੀ ਦੁਨੀਆ
PUNJABI DUNIYA
ISSN No. 1554 06X
ਚੇਅਰਮੈਨ : ਕਰਮ ਸਿੰਘ ਥਿੰਦ
ਪ੍ਰੈਜ਼ੀਡੈਂਟ : ਭੁਪਿੰਦਰ ਕੌਰ ਥਿੰਦ
ਐਡੀਟਰ - ਇਨ - ਚੀਫ ਅਤੇ ਪਬਲੀਸ਼ਰ : ਸ਼ਰਨਜੀਤ ਸਿੰਘ ਥਿੰਦ
ਡਿਪਟੀ ਮੈਨੇਜਿੰਗ ਐਡੀਟਰ : ਰਾਜ ਰਾਹੀ
ਕੰਟਰੀਬਿਊਟਿੰਗ ਰਾਈਟਰ : ਸੋਨੀਆ ਗਾਬਾ
ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ
ਫੋਟੋਗ੍ਰਾਫਰ : ਹਮਾਦ
ਐਡੀਟੋਰੀਅਲ ਇੰਟਰਨ : ਰੌਬਿਨ ਸਿੰਘ ਥਿੰਦ
ਸ਼ਪੈਸ਼ਲ ਕੋਰੇਸਪੌਂਡੈਂਸ :
ਗਗਨਦੀਪ ਸਿੰਘ (ਇੰਡੀਆ)
ਵੈਬ ਕੋਆਰਡੀਨੇਟਰ : ਹਰਪ੍ਰੀਤ ਸਿੰਘ

**Published by Punjabi Duniya.com LLC**
**(A Division of Media Partners Capital , Inc.)**

**Address :**
**P.O Box 7005 Hicksville New York 11801**

**Phone: 917 612 3158 TelFax : 516 342 1076**
**punjabiduniya@gmail.com, thesouthasianinsider@gmail.com**
**www.punjabiduniya.com**

**Disclaimer** The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source

# Thinking of Buying/Selling ?

WIN ZONE REALTY INC.



# Baldev Singh

**Associate Broker/Notary Public**

**146-20 34 av. Flushing NY 11354**

**Cell : 917-224-7395**

**Email : josanbaldev@yahoo.com**

# Insurance



NLight
Solid like a Rock

**Are you paying too much for Auto, Home, Business, Workman Compensation, Contractors, General Liability, E&O ?**

**Call us today for complimentary analysis of your policy.**



Sharanjit Singh Thind
Licensed P&C Insurance Broker/ Notary Public
(Service with Honesty & Smile, Since 2012)

**Tel: 516-654-4488**

insure@nlightfin.com www.nlightfin.com

# ਕਰੋੜਾਂ ਦੇ ਡਰੱਗਜ਼ ਰੈਕੇਟ ਮਾਮਲੇ ’ਚ ਹਾਈਕੋਰਟ ਦਾ ਸਵਾਲ, ‘ਕੀ ਸਾਢੇ 4 ਸਾਲਾਂ ਤੋਂ ਸੁੱਤੀ ਸੀ ਪੰਜਾਬ ਸਰਕਾਰ?’

ਚੰਡੀਗੜ੍ਹ - 6000 ਕਰੋੜ ਰੁਪਏ ਤੋਂ ਜ਼ਿਆਦਾ ਦੇ ਡਰੱਗਜ਼ ਮਾਮਲੇ ਵਿੱਚ ਪੰਜਾਬ-ਹਰਿਆਣਾ ਹਾਈ ਕੋਰਟ ਵਿੱਚ ਸੁਣਵਾਈ ਹੋਈ। ਇਸ ਦੌਰਾਨ ਕੋਰਟ ਨੇ ਪੰਜਾਬ ਸਰਕਾਰ ਨੂੰ ਸਵਾਲ ਕੀਤਾ ਕਿ ਇਸ ਮਾਮਲੇ ਵਿੱਚ ਹੁਣ ਤਕ ਕੋਈ ਕਾਰਵਾਈ ਕਿਉਂ ਨਹੀਂ ਕੀਤੀ ? ਕੀ ਪੰਜਾਬ ਸਰਕਾਰ ਸਾਢੇ 4 ਸਾਲਾਂ ਤੋਂ ਸੁੱਈ ਹੋਈ ਸੀ ? ਇਸਦੇ ਜਵਾਬ ਵਿੱਚ ਪੰਜਾਬ ਦੇ ਐਡਵੋਕੇਟ ਜਨਰਲ ਬੀ. ਐੱਸ. ਪਟਵਾਲੀਆ ਨੇ ਵੀ ਕੋਰਟ ਦੀ ਦੋ ਟੂਕ ਵਿੱਚ ਹਾਮੀ ਭਰੀ ਅਤੇ ਕਿਹਾ ਕਿ ਹੁਣ ਤਕ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ ਹੈ। ਕੋਰਟ ਨੇ ਸਖ਼ਤ ਲਹਿਜ਼ੇ ਵਿੱਚ ਕਿਹਾ ਕਿ ਇਸ ਮਾਮਲੇ ਵਿੱਚ ਸਿਰਫ਼ ਗੱਲਾਂ ਹੋ ਰਹੀਆਂ ਹਨ। ਕੋਈ ਕਾਰਵਾਈ ਹੁਣ ਤਕ ਨਹੀਂ ਕੀਤੀ ਗਈ ਹੈ। ਜਿੱਥੇ ਪਹਿਲਾਂ ਕੋਰਟ ਮਿੱਤਰ ਸੀਨੀਅਰ ਐਡਵੋਕੇਟ ਅਨੁਪਮ ਗੁਪਤਾ ਨੂੰ ਸੁਣਿਆ ਜਾਵੇਗਾ। ਉਸ ਤੋਂ ਬਾਅਦ ਬਾਕੀ ਪੱਖਾਂ ਦੇ ਵਕੀਲਾਂ ਨੂੰ ਸੁਣਿਆ ਜਾਵੇਗਾ। ਕੋਰਟ ਨੇ ਕਿਹਾ ਕਿ ਜੇਕਰ ਲੋੜ ਪਈ ਤਾਂ ਇਸ ਮਾਮਲੇ ਦੀ ਹਰ




ਦਿਨ ਸੁਣਵਾਈ ਕੀਤੀ ਜਾ ਸਕਦੀ ਹੈ। ਮਜੀਠੀਆ ਦੀ ਅਰਜ਼ੀ ’ਤੇ ਕੋਰਟ ਦਾ ਫ਼ੈਸਲਾ, ਇੱਕ ਵਿਅਕਤੀ ਨੂੰ ਲੈ ਕੇ ਨਹੀਂ ਸਗੋਂ ਪਬਲਿਕ ਇੰਟਰੈਸਟ ’ਚ ਹੋਵੇਗਾ

ਇਸ ਮਾਮਲੇ ਵਿੱਚ ਪਾਰਟੀ ਬਣਾਏ ਜਾਣ ਦੀ ਅਰਜ਼ੀ ਦਾਖਲ ਕਰਨ ਵਾਲੇ ਬਿਕਰਮ ਮਜੀਠੀਆ ਦੇ ਵਕੀਲ ਨੇ ਇੱਕ ਵਾਰ ਫ਼ਿਰ ਕੋਰਟ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਇਸ ਮਾਮਲੇ ਵਿੱਚ ਪਾਰਟੀ ਬਣਾਇਆ ਜਾਵੇ, ਕਿਉਂਕਿ ਉਨ੍ਹਾਂ ਨੂੰ ਸ਼ੰਕਾ ਹੈ ਕਿ ਰਾਜਨੀਤਕ ਰੰਜਿਸ਼ ਕਾਰਨ ਉਨ੍ਹਾਂ ’ਤੇ ਇਸ ਮਾਮਲੇ ਵਿੱਚ ਕਾਰਵਾਈ ਹੋ ਸਕਦੀ ਹੈ। ਕੋਰਟ ਨੇ ਬਿਕਰਮ ਮਜੀਠੀਆ ਦੀ ਅਰਜ਼ੀ ’ਤੇ ਕਿਹਾ ਕਿ ਇਹ ਜਨਹਿਤ ਦਾ ਮਾਮਲਾ ਹੈ, ਇਸ ਲਈ ਕੋਰਟ ਦਾ ਫ਼ੈਸਲਾ ਇੱਕ ਵਿਅਕਤੀ ਨੂੰ ਲੈ ਕੇ ਨਹੀਂ, ਸਗੋਂ ਜੋ ਫ਼ੈਸਲਾ ਹੋਵੇਗਾ ਉਹ ਪਬਲਿਕ ਇੰਟਰੈਸਟ ਵਿੱਚ ਹੋਵੇਗਾ। ਕੋਰਟ ਨੇ ਕਿਹਾ ਕਿ ਅਸੀਂ ਸਾਰੇ ਹੁਕਮਾਂ ਨੂੰ ਪੜ੍ਹਿਆ ਹੋਇਆ ਹੈ ਅਤੇ ਸਾਰੇ ਹੁਕਮਾਂ ਨੂੰ ਲੈ ਕੇ ਪੁਆਇੰਟਸ ਵੀ ਬਣਾਏ ਹੋਏ ਹਨ। ਸੀਲਬੰਦ ਰਿਪੋਰਟ ’ਤੇ ਹਾਈਕੋਰਟ ਨੇ ਕਿਹਾ, ਆਉਣ ਵਾਲੇ ਸਮੇਂ ’ਚ ਵਿੱਚਾਰ ਕਰਾਂਗੇ- ਕੋਰਟ ’ਚ ਸੀਲਬੰਦ ਰਿਪੋਰਟ ਨੂੰ ਲੈ ਕੇ ਵੀ ਗੱਲ ਹੋਈ, ਜਿੱਥੇ ਪੰਜਾਬ ਸਰਕਾਰ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਹੁਕਮਾਂ ਮੁਤਾਬਕ ਸੀਲਬੰਦ ਕੋਈ ਵੀ ਰਿਪੋਰਟ ਆਉਂਦੀ ਹੈ ਤਾਂ ਉਸਨੂੰ ਕਾਨੂੰਨਨ ਜਨਤਕ ਨਹੀਂ ਕੀਤਾ ਜਾ ਸਕਦਾ। ਉਹ ਕਾਨੂੰਨ ਦੇ ਨਿਯਮਾਂ ਦੇ ਖ਼ਿਲਾਫ਼ ਹੈ, ਜਿਸ ਤੋਂ ਬਾਅਦ ਹਾਈ ਕੋਰਟ ਨੇ ਕਿਹਾ ਕਿ ਆਉਣ ਵਾਲੇ ਸਮੇਂ ’ਚ ਇਸ ’ਤੇ ਵਿੱਚਾਰ ਕੀਤਾ ਜਾ ਸਕਦਾ ਹੈ।

ਡਰੱਗਜ਼ ਕਾਰਨ ਜੋ ਸਮੱਸਿਆਵਾਂ ਪੰਜਾਬ ’ਚ ਹੋਈਆਂ, ਉਨ੍ਹਾਂ ’ਤੇ ਪਹਿਲ ਦੇ ਆਧਾਰ ’ਤੇ ਕੰਮ ਹੋਣਾ ਬੇਹੱਦ ਜ਼ਰੂਰੀ

ਸੁਣਵਾਈ ਦੇ ਸਮੇਂ ਡਰੱਗਜ਼ ਮਾਮਲੇ ਨੂੰ ਸਭ ਤੋਂ ਪਹਿਲਾਂ ਚੁੱਕਣ ਵਾਲੇ ਸਾਬਕਾ ਡੀ.ਜੀ.ਪੀ. ਸ਼ਸ਼ੀਕਾਂਤ ਦੇ ਵਕੀਲ ਗੁਰਵਿੰਦਰ ਸਿੰਘ ਗੈਰੀ ਨੇ ਕਿਹਾ ਕਿ ਉਨ੍ਹਾਂ ਦੇ ਕਲਾਇੰਟ ਦੀ ਹਮੇਸ਼ਾ ਤੋਂ ਇਹੀ ਇੱਛਾ ਰਹੀ ਕਿ ਜੋ ਮੁੱਖ ਮੁੱਦੇ ਹਨ, ਉਨ੍ਹਾਂ ਤੋਂ ਨਾ ਭਟਕਿਆ ਜਾਵੇ। ਉਨ੍ਹਾਂ ਕਦੇ ਇਹ ਨਹੀਂ ਕਿਹਾ ਕਿ ਕਿਸੇ ਰਾਜਨੇਤਾ ਦਾ ਨਾਮ ਨਾ ਲਿਆ ਜਾਵੇ ਪਰ ਡਰੱਗਜ਼ ਨਾਲ ਜੋ ਸਮੱਸਿਆਵਾਂ ਪੰਜਾਬ ’ਚ ਹੋਈਆਂ ਹਨ, ਉਨ੍ਹਾਂ ’ਤੇ ਪਹਿਲ ਦੇ ਆਧਾਰ ’ਤੇ ਕੰਮ ਹੋਣਾ ਬੇਹੱਦ ਜ਼ਰੂਰੀ ਹੈ।

ਉਥੇ ਹੀ ਡਰੱਗਜ਼ ਮਾਮਲੇ ’ਚ ਐੱਸ.ਟੀ.ਐੱਫ਼. ਅਤੇ ਹੋਰ ਜਾਂਚ ਏਜੰਸੀਆਂ ਵਲੋਂ ਕੀਤੀ ਗਈ ਜਾਂਚ ਦੀ ਸੀਲਬੰਦ ਰਿਪੋਰਟ ਨੂੰ ਜਨਤਕ ਕੀਤੇ ਜਾਣ ਦੀ ਮੰਗ ਨੂੰ ਲੈ ਕੇ ਅਰਜ਼ੀ ਦਾਖਲ ਕਰਨ ਵਾਲੇ ਸੀਨੀਅਰ ਵਕੀਲ ਨਵਕਿਰਨ ਸਿੰਘ ਨੇ ਕਿਹਾ ਕਿ ਮੇਰੇ ’ਤੇ ਇਹ ਦੋਸ਼ ਲਗਾਏ ਜਾਂਦੇ ਹਨ ਕਿ ਮੈਂ ਸਿਰਫ਼ ਚੋਣਾਂ ਦੌਰਾਨ ਹੀ ਇਸ ਮਾਮਲੇ ’ਚ ਬੋਲਦਾ ਹਾਂ ਪਰ ਇਹ ਕੇਸ ਉਨ੍ਹਾਂ ਨੇ 2017 ’ਚ ਫ਼ਾਈਲ ਕੀਤਾ ਸੀ ਅਤੇ ਉਦੋਂ ਤੋਂ ਹੁਣ ਤੱਕ ਇਸ ਮਾਮਲੇ ’ਚ ਸੁਣਵਾਈ ਚੱਲ ਰਹੀ ਹੈ। ਇਸ ਦੌਰਾਨ ਉਨ੍ਹਾਂ ਨੇ ਸਾਬਕਾ ਡੀ.ਜੀ.ਪੀ. ਸ਼ਸ਼ੀਕਾਂਤ ’ਤੇ ਵੀ ਸਵਾਲ ਚੁੱਕੇ ਅਤੇ ਕਿਹਾ ਕਿ ਉਹ ਇਸ ਮਾਮਲੇ ’ਚ ਬਿਕਰਮ ਮਜੀਠੀਆ ਦਾ ਸਮਰਥਨ ਕਰਦੇ ਹੋਏ ਨਜ਼ਰ ਆ ਰਹੇ ਹਨ।

# ਸੱਪ ਨੂੰ ਮਾਰਨ ਦੇ ਚੱਕਰ ’ਚ ਬਰਬਾਦ ਹੋ ਗਿਆ ਇੱਕ ਸ਼ਖ਼ਸ, ਪਲਾਂ ’ਚ ਸੜ ਕੇ ਸੁਆਹ ਹੋਇਆ 13 ਕਰੋੜ ਦਾ ਬੰਗਲਾ



ਮੈਰੀਲੈਂਡ- ਘਰ ਵਿੱਚ ਸੱਪ ਆ ਜਾਏ ਤਾਂ ਕੋਈ ਵੀ ਉਸ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਕਰੇਗਾ ਜਾਂ ਫ਼ਿਰ ਸੱਪ ਫ਼ੜਨ ਵਾਲੇ ਨੂੰ ਸੱਦੇਗਾ ਪਰ ਅਮਰੀਕਾ ਵਿੱਚ ਇੱਕ ਸ਼ਖ਼ਸ ਨੇ ਅਜਿਹਾ ਕੁਝ ਕੀਤਾ ਕਿ ਉਸ ਦਾ ਪੂਰਾ ਘਰ ਸੜ ਕੇ ਸੁਆਹ ਹੋ ਗਿਆ। ਸ਼ਖ਼ਸ ਦਾ ਤਕਰੀਬਨ 13 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਸੀ. ਐੱਨ. ਐੱਨ.ਦੀ ਰਿਪੋਰਟ ਮੁਤਾਬਕ ਇਹ ਮਾਮਲਾ ਮੈਰੀਲੈਂਡ ਦਾ ਹੈ, ਜਿੱਥੇ ਇੱਕ ਸ਼ਖ਼ਸ ਨੂੰ ਆਪਣੇ ਘਰ ਵਿੱਚ ਇੱਕ ਸੱਪ ਦਿੱਖਿਆ। ਇਸ ਸੱਪ ਨੂੰ ਮਾਰਨ ਲਈ ਉਸ ਨੇ ਘਰ ਦੀ ਅੰਗੀਠੀ ਵਿੱਚੋਂ ਇੱਕ ਬਲਦੇ ਹੋਏ ਕੋਲੇ ਦਾ ਟੁੱਕੜਾ ਚੁੱਕਿਆ ਅਤੇ ਸੱਪ ਵਲ ਸੁੱਟ ਦਿੱਤਾ। ਸ਼ਖ਼ਸ ਨੇ ਸੋਚਿਆ ਸੀ ਕਿ ਬਲਦਾ ਹੋਇਆ ਕੋਲਾ ਦੇਖ ਕੇ ਸੱਪ ਜਾਂ ਤਾਂ ਦੌੜ ਜਾਵੇਗਾ ਜਾਂ ਫ਼ਿਰ ਮਰ ਜਾਵੇਗਾ। ਹਾਲਾਂਕਿ ਇਸ ਨਾਲ ਸੱਪ ਤਾਂ ਮਰਿਆ ਨਹੀਂ ਪਰ ਸ਼ਖ਼ਸ ਦਾ ਪੂਰਾ ਘਰ ਅੱਗ ਨਾਲ ਸੜ ਕੇ ਸੁਆਹ ਹੋ ਗਿਆ। ਫ਼ਾਇਰ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ 23 ਨਵੰਬਰ ਨੂੰ ਘਰ ਵਿੱਚ ਲੱਗੀ ਅੱਗ ਨੂੰ ਬੁਝਾਉਣ ਲਈ ਕਰੀਬ 75 ਫ਼ਾਇਰ ਫ਼ਾਈਟਰਸ ਭੇਜੇ ਗਏ ਸਨ। ਕਾਫ਼ੀ ਕੋਸ਼ਿਸ਼ਾਂ ਦੇ ਬਾਅਦ ਅੱਗ ’ਤੇ ਅਗਲੇ ਦਿਨ ਕਾਬੂ ਪਾਇਆ ਗਿਆ ਪਰ ਉਦੋਂ ਤਕ ਪੂਰਾ ਘਰ ਸੜ ਕੇ ਸੁਆਹ ਹੋ ਚੁੱਕਾ ਸੀ। ਮੋਂਟਗੋਮਰੀ ਕਾਊਂਟੀ ਫ਼ਾਇਰ ਅਤੇ ਰੈਸਕਿਊ ਸਰਵਿਸ ਦੇ ਬੁਲਾਰੇ ਨੇ ਦੱਸਿਆ ਕਿ ਸ਼ਖ਼ਸ ਨੇ 10,000 ਵਰਗ ਫ਼ੁੱਟ ਦੇ ਘਰ ਵਿੱਚ ਸੱਪ ਨੂੰ ਮਾਰਨ ਲਈ ਉਸ ਵਲ ਅੱਗ ਨਾਲ ਬਲਦਾ ਹੋਇਆ ਕੋਲੇ ਦਾ ਟੁੱਕੜਾ ਸੁੱਟ ਦਿੱਤਾ ਸੀ ਪਰ ਇਹ ਕੋਲਾ ਸੱਪ ਨੂੰ ਮਾਰਨ ਦੀ ਥਾਂ ਘਰ ਵਿੱਚ ਅੱਗ ਲੱਗਣ ਦਾ ਕਾਰਨ ਬਣ ਗਿਆ। ਜਿਸ ਸਮੇਂ ਘਰ ਨੂੰ ਅੱਗ ਲੱਗੀ ਘਰ ਦੇ ਸਾਰੇ ਲੋਕ ਘਰੋਂ ਬਾਹਰ ਆ ਗਏ ਸਨ। ਅੱਗ ਘਰ ਦੀ ਬੇਸਮੈਂਟ ਵਿੱਚ ਸ਼ੁਰੂ ਹੋਈ ਸੀ, ਇਸ ਦੇ ਬਾਅਦ ਇਹ ਹੋਲੀ-ਹੋਲੀ ਪੂਰੇ ਘਰ ਵਿੱਚ ਫ਼ੈਲ ਗਈ। ਮਕਾਨ ਮਾਲਕ ਨੇ ਇਸ ਘਰ ਨੂੰ ਹਾਲ ਹੀ ਵਿੱਚ 1.8 ਮਿਲੀਅਨ ਡਾਲਰ (13 ਕਰੋੜ ਰੁਪਏ ਤੋਂ ਵੱਧ) ਵਿੱਚ ਖ਼ਰੀਦਿਆ ਸੀ।

# ਪਾਕਿ ’ਚ ਮੌਬ ਲਿੰਚਿੰਗ ਦਾ ਸ਼ਿਕਾਰ ਬਣੇ ਸ਼੍ਰੀਲੰਕਾਈ ਨਾਗਰਿਕ ਦਾ ਪਰਿਵਾਰ ਅਵਸ਼ੇਸ਼ਾਂ ਦੀ ਕਰ ਰਿਹੈ ਉਡੀਕ

ਕੋਲੰਬੋ -ਈਸ਼ਨਿੰਦਾ ਦੇ ਦੋਸ਼ ’ਚ ਪਾਕਿਸਤਾਨ ਵਿੱਚ ਭੀੜ ਵਲੋਂ ਕੁੱਟ-ਕੁੱਟ ਕੇ ਮਾਰ ਦਿੱਤੇ ਗਏ ਸ਼੍ਰੀਲੰਕਾਈ ਨਾਗਰਿਕ ਪ੍ਰਿਯੰਤਾ ਕੁਮਾਰਾ ਦਿਆਵਦਾਨਾ ਦਾ ਪਰਿਵਾਰ ਇੱਥੇ ਉਨ੍ਹਾਂ ਦੇ ਅਵਸ਼ੇਸ਼ਾਂ ਨੂੰ ਲਿਆਉਣ ਦੀ ਬੇਸਬਰੀ ਨਾਲ ਉਡੀਕ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਹਫ਼ਤੇ ਇੱਕ ਬੇਰਹਿਮ ਘਟਨਾ ’ਚ ਕੱਟੜਪੰਥੀ ਇਸਲਾਮੀ ਪਾਰਟੀ ਤਹਿਰੀਕ-ਏ-ਲੱਬੈਕ ਪਾਕਿਸਤਾਨ (ਟੀ. ਐੱਲ.ਪੀ.) ਦੇ ਗੁੱਸੇ ’ਚ ਆਏ ਸਮਰਥੱਕਾਂ ਨੇ ਇੱਕ ਕੱਪੜਾ ਫ਼ੈਕਟਰੀ ’ਤੇ ਹਮਲਾ ਕੀਤਾ ਅਤੇ ਈਸ਼ਨਿੰਦਾ ਦੇ ਦੋਸ਼ਾਂ ’ਚ ਉਸ ਦੇ ਜਨਰਲ ਮੈਨੇਜਰ ਦਿਆਵਦਾਨਾ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਅਤੇ ਲਾਸ਼ ਨੂੰ ਅੱਗ ਲਗਾ ਦਿੱਤੀ ਸੀ। ਦਿਆਵਦਾਨਾ ਦੀ ਪਤਨੀ ਨਿਲੂਸੀ ਦਿਸਾਨਾਇੱਕੇ ਨੇ ਇਥੇ ਪੱਤਰਕਾਰਾਂ ਨੂੰ ਕਿਹਾ, ‘‘ਮੈਂ ਉਨ੍ਹਾਂ ਨੂੰ ਅੰਤਿਮ ਸ਼ਰਧਾਂਜਲੀ ਦੇਣ ਲਈ ਉਨ੍ਹਾਂ ਦੇ ਅਵਸ਼ੇਸਾਂ ਦੀ ਉਡੀਕ ਕਰ ਰਹੀ ਹਾਂ।’’ ਵਿਦੇਸ਼ ਮੰਤਰਾਲੇ ਨੇ ਐਲਾਨ ਕੀਤਾ ਕਿ ਰਾਸ਼ਟਰੀ ਹਵਾਬਾਜ਼ੀ ਕੰਪਨੀ ਸ਼੍ਰੀਲੰਕਨ ਏਅਰਲਾਈਨਰ ਸੂਬੇ ਦੇ ਖਰਚੇ ’ਤੇ ਦਿਆਵਦਾਨਾ ਦੇ ਅਵਸੇਸਾਂ ਨੂੰ ਇੱਥੇ ਲਿਆਏਗੀ। ਪੋਸਟ ਮਾਰਟਮ ਦੀ ਰਿਪੋਰਟ ਦੇ ਅਨੁਸਾਰ ਲਿੰਚਿੰਗ ਦੀ ਇਸ



ਭਿਆਨਕ ਘਟਨਾ ’ਚ ਦਿਆਵਦਾਨਾ ਦੀਆਂ ਲੱਗਭਗ ਸਾਰੀਆਂ ਹੱਡੀਆਂ ਟੁੱਟ ਗਈਆਂ ਸਨ ਅਤੇ ਉਸ ਦਾ ਸਰੀਰ 99 ਫ਼ੀਸਦੀ ਤਕ ਸੜ ਗਿਆ ਸੀ। ਨਿਲੂਸੀ ਨੇ ਦੱਸਿਆ ਕਿ ਦਿਆਵਦਾਨਾ ਫ਼ੈਸਲਾਬਾਦ ਦੀ ਇੱਕ ਕੱਪੜਾ ਫ਼ੈਕਟਰੀ ’ਚ ਮਕੈਨੀਕਲ ਇੰਜੀਨੀਅਰ ਦੀ ਨੌਕਰੀ ਮਿਲਣ ਤੋਂ ਬਾਅਦ 2011 ’ਚ ਪਾਕਿਸਤਾਨ ਚਲੇ ਗਏ ਸਨ। ਇੱਕ ਸਾਲ ਬਾਅਦ ਉਹ ਸਿਆਲਕੋਟ ਦੀ ਰਾਜਕੋ ਇੰਡਸਟਰੀਜ਼ ’ਚ ਜਨਰਲ ਮੈਨੇਜਰ ਵਜੋਂ ਸ਼ਾਮਲ ਹੋ ਗਏ ਅਤੇ ਫ਼ੈਕਟਰੀ ’ਚ ਕੰਮ ਕਰਨ ਵਾਲੇ ਇਕਲੌਤੇ ਸ਼੍ਰੀਲੰਕਾਈ ਨਾਗਰਿਕ ਸਨ। ਜੋੜੇ ਦੇ 14 ਅਤੇ 9 ਸਾਲ ਦੇ 2 ਬੇਟੇ ਹਨ ਅਤੇ ਉਨ੍ਹਾਂ ਨੇ 2019 ਤੋਂ ਆਪਣੇ ਪਿਤਾ ਨੂੰ ਨਹੀਂ ਦੇਖਿਆ ਸੀ ਕਿਉਂਕਿ ਉਹ ਕੋਵਿਡ ਮਹਾਂਮਾਰੀ ਕਾਰਨ ਆਪਣੇ ਦੇਸ਼ ਦੀ ਯਾਤਰਾ ਕਰਨ ’ਚ ਅਸਮਰੱਥ ਸਨ।

# ਤਾਲਿਬਾਨ ਰਾਜ ’ਚ ਅਫ਼ਗਾਨਿਸਤਾਨ ਬੇਹਾਲ, ਭੁੱਖ ਨਾਲ ਜਾ ਸਕਦੀ ਹੈ 10 ਲੱਖ ਬੱਚਿਆਂ ਦੀ ਜਾਨ

ਕਾਬੁਲ- ਤਾਲਿਬਾਨ ਦੇ 4 ਮਹੀਨਿਆਂ ਦੇ ਰਾਜ ਵਿੱਚ ਹੀ ਅਫ਼ਗਾਨਿਸਤਾਨ ਬੇਹੱਦ ਬਦਹਾਲੀ ਅਤੇ ਤੰਗਹਾਲੀ ਦੇ ਦੌਰ ’ਤੇ ਪਹੁੰਚ ਗਿਆ ਹੈ। ਆਲਮ ਇਹ ਹੈ ਕਿ 2 ਦਹਾਕਿਆਂ ਤੋਂ ਜੰਗ ਪ੍ਰਭਾਵਿਤ ਦੇਸ਼ ਹੁਣ ਭੁੱਖਮਰੀ ਕੰਢੇ ਪਹੁੰਚ ਗਿਆ ਹੈ। ਨਿਊ ਯੌਰਕ ਟਾਈਮਜ਼ ਦੀ ਰਿਪੋਰਟ ਮੁਤਾਬਕ ਕੁਝ ਸਹਾਇਤਾ ਸਮੂਹਾਂ ਨੇ ਕਿਹਾ ਕਿ ਸਰਦੀਆਂ ਵਿੱਚ ਭੁੱਖ ਕਾਰਨ 10 ਲੱਖ ਬੱਚਿਆਂ ਦੀ ਜਾਨ ਜਾ ਸਕਦੀ ਹੈ। ਅਫ਼ਗਾਨਿਸਤਾਨ ਵਿੱਚ ਦਹਾਕਿਆਂ ਤੋਂ ਕੁਪੋਸ਼ਣ ਦੀ ਸਮੱਸਿਆ ਰਹੀ ਹੈ ਅਤੇ ਹਾਲ ਦੇ ਮਹੀਨਿਆਂ ਵਿੱਚ ਭੁੱਖ ਦਾ ਸੰਕਟ ਗੰਭੀਰ ਹੋ ਗਿਆ ਹੈ। ਯੂਨਾਈਟਿਡ ਨੇਸ਼ਨਜ਼ ਵਰਲਡ ਫ਼ੂਡ ਪ੍ਰੋਗਰਾਮ ਅਤੇ ਫ਼ੂਡ ਐਂਡ ਐਗਰੀਕਲਚਰ ਆਰਗੇਨਾਈਜੇਸ਼ਨ ਦੇ ਵਿਸ਼ਲੇਸ਼ਣ ਮੁਤਾਬਕ ਇਸ ਵਾਰ ਸਰਦੀ ਵਿੱਚ 2.28 ਕਰੋੜ ਲੋਕ (ਅੱਧੀ ਤੋਂ ਜ਼ਿਆਦਾ



ਆਬਾਦੀ) ਨੂੰ ਜਾਨਲੇਵਾ ਪੱਧਰ ਦੀ ਖ਼ੁਰਾਕ ਅਸੁਰੱਖਿਆ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਰਿਪੋਰਟ ਮੁਤਾਬਕ 87 ਲੱਖ ਲੋਕ ਅਕਾਲ ਦਾ ਸਾਹਮਣਾ ਕਰ ਰਹੇ ਹਨ, ਜੋ ਕਿ ਖੁਰਾਕ ਸੰਕਟ ਦਾ ਸਭ ਤੋਂ ਖਰਾਬ ਪੜਾਅ ਹੁੰਦਾ ਹੈ। ਰਿਪੋਰਟ ਮੁਤਾਬਕ, ਸੰਕਟ ਸੰਭਾਵਿਤ ਰੂਪ ਨਾਲ ਨਵੀਂ ਤਾਲਿਬਾਨ ਸਰਕਾਰ ਅਤੇ ਸੰਯੁਕਤ ਰਾਜ ਅਮਰੀਕਾ ਲਈ ਨੁਕਸਾਨਦੇਹ ਹੈ, ਜੋ ਆਰਥਿਕ ਪਾਬੰਦੀਆਂ ਨੂੰ ਘੱਟ ਕਰਨ ਲਈ ਵੱਧਦੇ ਦਬਾਅ ਦਾ ਸਾਹਮਣਾ ਕਰ ਰਿਹਾ ਹੈ। ਅਫ਼ਗਾਨਿਸਤਾਨ ਵਿੱਚ ਮਹੀਨਿਆਂ ਤੋਂ ਜ਼ਿਆਦਾਤਰ ਲੋਕਾਂ ਦੀ ਆਦਮਨ ਬੰਦ ਹੈ, ਭਾਵੇਂ ਹੀ ਉਹ ਮਜ਼ਦੂਰ ਹੋਣ ਜਾਂ ਡਾਕਟਰ, ਟੀਚਰ ਜਾਂ ਹੋਰ ਕਿਸੇ ਵੀ ਕੰਮ ਨੂੰ ਕਰਨ ਵਾਲੇ ਹੋਣ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA


# ਪਾਕਿ ਰੱਖਿਆ ਮੰਤਰੀ ਦਾ ਸ਼ਰਮਨਾਕ ਬਿਆਨ, ਕਿਹਾ-ਮੁਸਲਿਮ ਬੱਚੇ ਹਨ, ਜੋਸ਼ 'ਚ ਆ ਗਏ

ਇਸਲਾਮਾਬਾਦ - ਪਾਕਿਸਤਾਨ ਦੇ ਰੱਖਿਆ ਮੰਤਰੀ ਪਰਵੇਜ਼ ਖੱਟਕ ਨੇ ਸਿਆਲਕੋਟ 'ਚ ਈਸ਼ਨਿੰਦਾ ਦੇ ਨਾਂ 'ਤੇ ਸ਼੍ਰੀਲੰਕਾਈ ਨਾਗਰਿਕ ਪ੍ਰਿਯੰਤਾ ਕੁਮਾਰਾ ਦਿਆਵਦਾਨਾ ਨੂੰ ਜ਼ਿੰਦਾ ਮਾਰ ਦੇਣ ਦੀ ਘਟਨਾ 'ਤੇ ਜਿੱਥੇ ਸ਼ਰਮਨਾਕ ਬਿਆਨ ਦਿੱਤਾ ਹੈ। ਉੱਥੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਉਸ ਵਿਅਕਤੀ ਨੂੰ ਬਹਾਦਰੀ ਮੈਡਲ ਦੇਣ ਦਾ ਐਲਾਨ ਕੀਤਾ, ਜਿਸ ਨੇ ਸਿਆਲਕੋਟ ਵਿੱਚ ਫ਼ੈਕਟਰੀ ਪ੍ਰਬੰਧਕ ਅਤੇ ਸ਼੍ਰੀਲੰਕਾਈ ਨਾਗਰਿਕ ਨੂੰ ਭੜਕੀ ਭੀੜ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ ਸੀ।



'ਦੀ ਡੌਨ'ਦੀ ਇੱਕ ਰਿਪੋਰਟ ਮੁਤਾਬਕ ਸਥਾਨਕ ਮੀਡੀਆ ਨੇ ਦੱਸਿਆ ਕਿ ਫ਼ਰਾਂਸ ਵਿਰੋਧੀ ਵਿਸ਼ਾਲ ਪ੍ਰਦਰਸ਼ਨ 'ਤੇ ਬੋਲਦੇ ਹੋਏ ਰੱਖਿਆ ਮੰਤਰੀ ਨੇ ਇਹ ਵੀ ਸੁਝਾਅ ਦਿੱਤਾ ਕਿ "ਕਤਲ ਉਦੋਂ ਹੁੰਦੇ ਹਨ ਜਦੋਂ ਨੌਜਵਾਨ ਭਾਵਨਾਤਮਕ ਹੋ ਜਾਂਦੇ ਹਨ"। ਕਾਤਲਾਂ ਦਾ ਬਚਾਅ ਕਰਦੇ ਹੋਏ ਖੱਟਕ ਨੇ ਕਿਹਾ ਕਿ ਬੱਚੇ ਹਨ, ਵੱਡੇ ਹੁੰਦੇ ਹਨ, ਇਸਲਾਮ ਧਰਮ ਮੰਨਦੇ ਹਨ, ਜੋਸ਼ ਵਿੱਚ ਆ ਜਾਂਦੇ ਹਨ, ਭਾਵਨਾ ਨਾਲ ਕੰਮ ਕਰਦੇ ਹਨ। ਉਨ੍ਹਾਂ ਕਿਹਾ ਕਿ ਇਸਲਾਮ ਦਾ ਨਾਅਰਾ ਲੱਗਿਆ ਤਾਂ ਇਨ੍ਹਾਂ ਨੌਜਵਾਨਾਂ ਵਿੱਚ ਜੋਸ਼ ਆ ਗਿਆ। ਇਸ ਦਾ ਮਤਲਬ ਇਹ ਨਹੀਂ ਕਿ ਪਾਕਿਸਤਾਨ ਤਬਾਹੀ ਵਲ ਵੱਧ ਰਿਹਾ ਹੈ। ਪਾਕਿਸਤਾਨ ਵਿੱਚ ਇੱਕ ਸ਼੍ਰੀਲੰਕਾਈ ਨਾਗਰਿਕ ਦਾ ਭੀੜ ਵਲੋਂ ਕੁੱਟ-ਕੁੱਟ ਕੇ ਕਤਲ ਕੀਤੇ ਜਾਣ 'ਤੇ ਗੁੱਸੇ ਦੇ ਵਿਚਕਾਰ ਰੱਖਿਆ ਮੰਤਰੀ ਪਰਵੇਜ਼ ਖੱਟਕ ਨੇ ਕਿਹਾ ਕਿ ਇਸ ਮਾਮਲੇ ਨੂੰ ਇੱਕ ਕੱਟੜਪੰਥੀ ਪਾਰਟੀ, ਤਹਿਰੀਕ-ਏ-ਲਬੈਕ ਪਾਕਿਸਤਾਨ (ਟੀਐਲਪੀ) 'ਤੇ ਪਾਬੰਦੀ ਹਟਾਉਣ ਦੇ ਸਰਕਾਰ ਦੇ ਫ਼ੈਸਲੇ ਨਾਲ ਨਹੀਂ ਜੋੜਿਆ ਜਾਣਾ ਚਾਹੀਦਾ ਹੈ। ਖੱਟਕ ਨੇ ਕਿਹਾ ਕਿ ਇਸ ਦਾ ਇਹ ਮਤਲਬ ਨਹੀਂ ਹੈ ਕਿ ਜੇਕਰ ਅਜਿਹਾ ਕੀਤਾ ਗਿਆ ਤਾਂ ਹੋ ਗਿਆ। ਹਰ ਕਿਸੇ ਦੀ ਆਪਣੀ ਰਾਏ ਹੈ। ਨੌਜਵਾਨ ਜੋਸ਼ ਵਿੱਚ ਆ ਗਏ ਤਾਂ ਇਹ ਸਭ ਕੁਝ ਹੋ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਖੱਟਕ ਨੇ ਕਿਹਾ ਕਿ ਪ੍ਰਿਅੰਤਾ ਕੁਮਾਰਾ ਦਿਆਵਦਾਨਾ ਦੀ ਮੌਬ ਲੀਚਿੰਗ ਅਤੇ ਬੇਰਹਿਮੀ ਨਾਲ ਕਤਲ ਇੱਕ ਆਮ ਗੱਲ ਹੈ। ਉਹ ਵੀ ਉਦੋਂ ਜਦੋਂ ਉਹ ਨੌਜਵਾਨ, ਭਾਵੁਕ ਅਤੇ ਮੁਸਲਮਾਨ ਹਨ।

ਇਮਰਾਨ ਖਾਨ ਨੇ ਟਵੀਟ ਕੀਤਾ,"ਲੋਕਾਂ ਵਲੋਂ ਮੈਂ ਮਲਿਕ ਅਦਨਾਨ ਦੇ ਨੈਤਿਕ ਸਾਹਸ ਅਤੇ ਬਹਾਦਰੀ ਨੂੰ ਸਲਾਮ ਕਰਨਾ ਚਾਹਾਂਗਾ, ਜਿਸ ਨੇ ਸਿਆਲਕੋਟ 'ਚ ਭੜਕੀ ਭੀੜ ਤੋਂ ਆਪਣੀ ਜਾਨ ਖ਼ਤਰੇ 'ਚ ਪਾ ਕੇ ਪ੍ਰਿਯੰਕਾ ਦਿਆਵਦਾਨਾ ਨੂੰ ਬਚਾਉਣ ਦੀ ਪੂਰੀ ਕੋਸਸਿ ਕੀਤੀ। ਅਸੀਂ ਉਸ ਨੂੰ ਤਮਗ਼ਾ-ਏ-ਸੁਜਾਤ ਨਾਲ ਸਨਮਾਨਿਤ ਕਰਾਂਗੇ।"

ਪੋਸਟ ਮਾਰਟਮ ਰਿਪੋਰਟ 'ਚ ਦੱਸਿਆ ਗਿਆ ਹੈ ਕਿ ਦਿਆਵਦਾਨਾ ਦੇ ਸਰੀਰ ਦੀਆਂ ਲੱਗਭਗ ਸਾਰੀਆਂ ਹੱਡੀਆਂ ਟੁੱਟ ਗਈਆਂ ਸਨ ਅਤੇ ਸਰੀਰ 99 ਫ਼ੀਸਦੀ ਸੜ ਚੁੱਕਾ ਸੀ। ਕੱਟੜਪੰਥੀ ਇਸਲਾਮੀ ਪਾਰਟੀ ਤਹਿਰੀਕ-ਏ-ਲਬੈਕ ਪਾਕਿਸਤਾਨ (ਟੀਐੱਲਪੀ) ਦੇ ਸਮਰਥਕਾਂ ਨੇ ਇੱਕ ਕੱਪੜਾ ਫ਼ੈਕਟਰੀ 'ਤੇ ਹਮਲਾ ਕੀਤਾ ਅਤੇ ਉਸ ਦੇ ਜਨਰਲ ਮੈਨੇਜਰ ਦੀਆਵਦਨਾ (40) ਨੂੰ ਈਸ਼ਨਿੰਦਾ ਦੇ ਦੋਸ਼ 'ਚ ਕੁੱਟ-ਕੁੱਟ ਕੇ ਮਾਰ ਦਿੱਤਾ। ਫ਼ਿਰ ਭੀੜ ਨੇ ਉਸ ਦੀ ਲਾਸ਼ ਨੂੰ ਅੱਗ ਲਗਾ ਦਿੱਤੀ।

# ਮਿਆਂਮਾਰ ਦੀ ਅਦਾਲਤ ਨੇ ਸੂ ਕੀ ਨੂੰ ਸੁਣਾਈ 4 ਸਾਲ ਦੀ ਕੈਦ ਦੀ ਸਜ਼ਾ



ਬੈਂਕੌਕ - ਮਿਆਂਮਾਰ ਦੀ ਰਾਜਧਾਨੀ ਦੀ ਇੱਕ ਵਿਸ਼ੇਸ਼ ਅਦਾਲਤ ਨੇ ਸੋਮਵਾਰ ਨੂੰ ਬੇਦਖਲ ਨੇਤਾ ਆਂਗ ਸਾਨ ਸੂ ਕੀ ਨੂੰ ਲੋਕਾਂ ਨੂੰ ਭੜਕਾਉਣ ਅਤੇ ਕੋਰੋਨਾਵਾਇਰਸ ਪਾਬੰਦੀਆਂ ਦੀ ਉਲੰਘਣਾ ਕਰਨ ਦਾ ਦੋਸ਼ੀ ਪਾਉਂਦੇ ਹੋਏ 4 ਸਾਲ ਦੀ ਸਜ਼ਾ ਸੁਣਾਈ। ਇੱਕ ਕਾਨੂੰਨੀ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਇਹ ਸਜ਼ਾ ਦੇਸ਼ ਦੀ ਸੱਤਾ 'ਤੇ ਫ਼ੌਜ ਦੇ 1 ਫ਼ਰਵਰੀ ਨੂੰ ਕਾਬਜ ਹੋਣ ਤੋਂ ਬਾਅਦ, 76 ਸਾਲਾ ਨੋਬੇਲ ਪੁਰਸਕਾਰ ਜੇਤੂ 'ਤੇ ਚਲਾਏ ਜਾ ਰਹੇ ਕਈ ਮੁਕੱਦਮਿਆਂ ਵਿੱਚੋਂ ਪਹਿਲੇ ਮਾਮਲੇ ਵਿੱਚ ਸੁਣਾਈ ਗਈ ਹੈ। ਫ਼ੌਜੀ ਤਖਤਾ ਪਲਟ ਨੇ ਸੂ ਕੀ ਦੀ ਨੈਸ਼ਨਲ ਲੀਗ ਫ਼ੌਰ ਡੈਮੋਕਰੇਸੀ ਪਾਰਟੀ ਦੀ ਸਰਕਾਰ ਨੂੰ ਆਪਣਾ ਦੂਜਾ 5 ਸਾਲਾ ਕਾਰਜ ਕਾਲ ਸ਼ੁਰੂ ਕਰਨ ਤੋਂ ਰੋਕ ਦਿੱਤਾ ਸੀ। ਉਸ ਖ਼ਿਲਾਫ਼ ਇੱਕ ਹੋਰ ਮਾਮਲੇ 'ਚ ਫ਼ੈਸਲਾ ਅਗਲੇ ਹਫ਼ਤੇ ਆਉਣ ਦੀ ਉਮੀਦ ਹੈ। ਜੇਕਰ ਸੂ ਕੀ ਸਾਰੇ ਮਾਮਲਿਆਂ 'ਚ ਦੋਸ਼ੀ ਪਾਈ ਜਾਂਦੀ ਹੈ ਤਾਂ ਉਸ ਨੂੰ 100 ਸਾਲ ਤੋਂ ਵੱਧ ਦੀ ਸਜ਼ਾ ਹੋ ਸਕਦੀ ਹੈ। ਕਾਨੂੰਨੀ ਅਧਿਕਾਰੀ ਨੇ ਕਿਹਾ ਕਿ ਅਦਾਲਤ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਸੂ ਕੀ ਨੂੰ ਜੇਲ੍ਹ 'ਚ ਰੱਖਿਆ ਜਾਵੇਗਾ ਜਾਂ ਨਜ਼ਰਬੰਦ ਰੱਖਿਆ ਜਾਵੇਗਾ। ਲੋਕਤੰਤਰ ਲਈ ਆਪਣੇ ਲੰਬੇ ਸੰਘਰਸ਼ ਵਿੱਚ ਉਸ ਨੇ 1989 ਤੋਂ ਸ਼ੁਰੂ ਕਰਦੇ ਹੋਏ, 15 ਸਾਲ ਘਰ ਵਿੱਚ ਨਜ਼ਰਬੰਦੀ ਵਿੱਚ ਬਿਤਾਏ ਹਨ।

# ਓਮੀਕਰੋਨ : ਹੁਣ ਬ੍ਰਿਟੇਨ 'ਚ ਵੀ ਹੋਣ ਲੱਗਾ ਕਮਿਊਨਿਟੀ ਸਪ੍ਰੈਡ, ਕਈ ਇਲਾਕਿਆਂ 'ਚ ਸਾਹਮਣੇ ਆਏ ਕੇਸ

ਲੰਡਨ - ਦੁਨੀਆਂ ਦੇ 38 ਦੇਸ਼ਾਂ ਵਿੱਚ ਕੋਰੋਨਾ ਦੇ ਨਵੇਂ ਵੇਰੀਐਂਟ ਓਮੀਕਰੋਨ ਦੇ ਮਾਮਲੇ ਸਾਹਮਣੇ ਆ ਚੁੱਕੇ ਹਨ। ਦੱਖਣੀ ਅਫ਼ਰੀਕਾ ਵਿੱਚ ਸਭ ਤੋਂ ਪਹਿਲਾਂ ਪਛਾਣੇ ਗਏ ਇਸ ਵੇਰੀਐਂਟ ਦੇ ਅਮਰੀਕਾ, ਆਸਟ੍ਰੇਲੀਆ, ਕੈਨੇਡਾ, ਬ੍ਰਿਟੇਨ, ਯੂਰਪ ਅਤੇ ਭਾਰਤ ਵਿੱਚ ਵੀ ਕਾਫ਼ੀ ਤੇਜ਼ੀ ਨਾਲ ਕੇਸ ਮਿਲ ਰਹੇ ਹਨ। ਅਮਰੀਕਾ, ਆਸਟ੍ਰੇਲੀਆ ਦੇ ਬਾਅਦ ਹੁਣ ਬ੍ਰਿਟੇਨ ਵਿੱਚ ਵੀ ਓਮੀਕਰੋਨ ਦਾ ਕਮਿਊਨਿਟੀ ਸਪ੍ਰੈਡ ਸ਼ੁਰੂ ਹੋ ਚੁੱਕਾ ਹੈ। ਇੱਥੇ ਬਿਨਾਂ ਟ੍ਰੈਵਲ ਹਿਸਟਰੀ ਦੇ ਵੀ ਕਾਫ਼ੀ ਲੋਕ ਕੋਰੋਨਾ ਦੇ ਨਵੇਂ ਵੇਰੀਐਂਟ ਤੋਂ ਇਨਫ਼ੈਕਟਿਡ ਹੋ ਰਹੇ ਹਨ। ਯੂ.ਕੇ. ਦੇ ਸਿਹਤ ਮੰਤਰੀ ਸਾਜਿਦ ਜਾਵਿਦ ਨੇ ਸੰਸਦ ਵਿੱਚ ਦੱਸਿਆ ਕਿ ਦੇਸ਼ ਵਿੱਚ ਕੋਰੋਨਾ ਦੇ ਨਵੇਂ ਵੇਰੀਐਂਟ ਦੇ 336 ਕੇਸ ਸਾਹਮਣੇ ਆ ਚੁੱਕੇ ਹਨ। ਇੰਗਲੈਂਡ ਵਿੱਚ ਇਸ ਦਾ ਕਮਿਊਨਿਟੀ ਸਪ੍ਰੈਡ ਵੀ ਦੇਖਣ ਨੂੰ ਮਿਲਿਆ ਹੈ। ਇੰਗਲੈਂਡ ਵਿੱਚ ਹੁਣ ਤੱਕ 261 ਕੇਸਾਂ ਦੀ ਪੁਸ਼ਟੀ ਹੋ ਚੁੱਕੀ ਹੈ ਜਦਕਿ ਸਕੌਟਲੈਂਡ ਵਿੱਚ 71, ਵੇਲਜ ਵਿੱਚ 4 ਕੇਸ ਸਾਹਮਣੇ ਆਏ ਹਨ। ਸਾਜਿਦ ਜਾਵਿਦ ਨੇ ਕਿਹਾ ਕਿ ਕਈ ਕੇਸ ਅਜਿਹੇ ਸਾਹਮਣੇ ਆਏ ਹਨ, ਜਿਹਨਾਂ ਦੀ ਕੋਈ ਟ੍ਰੈਵਲ ਹਿਸਟਰੀ ਵੀ ਨਹੀਂ ਹੈ। ਅਜਿਹੇ ਵਿੱਚ ਅਸੀਂ ਇਸ ਨਤੀਜੇ 'ਤੇ ਪਹੁੰਚੇ ਹਾਂ ਕਿ ਇੰਗਲੈਂਡ ਦੇ ਕਈ ਖੇਤਰਾਂ ਵਿੱਚ ਕਮਿਊਨਿਟੀ ਸਪ੍ਰੈਡ ਦੇਖਣ ਨੂੰ ਮਿਲ ਰਿਹਾ ਹੈ। ਅਸੀਂ ਕੁਝ ਵੀ ਕਿਸਮਤ 'ਤੇ ਨਹੀਂ ਛੱਡ ਰਹੇ। ਉਨ੍ਹਾਂ ਨੇ ਕਿਹਾ ਕਿ ਜਦੋਂ ਦੁਨੀਆਂ ਦੇ ਵਿਗਿਆਨੀ ਨਵੇਂ ਵੇਰੀਐਂਟ ਬਾਰੇ ਜਾਣਕਾਰੀ ਇਕੱਠੀ ਕਰ ਰਹੇ ਹਨ ਉਦੋਂ ਸਾਡੀ ਰਣਨੀਤੀ ਸਮਾਂ ਰਹਿੰਦੇ ਕੋਰੋਨਾ ਦੇ ਨਵੇਂ ਵੇਰੀਐਂਟ ਦੇ ਸਾਹਮਣੇ ਆਪਣਾ ਡਿਫ਼ੈਂਸ ਮਜ਼ਬੂਤ ਕਰਨ 'ਤੇ ਹੈ। ਭਾਵੇਂਕਿ ਜਾਵੇਦ ਨੇ ਯੂ.ਕੇ. ਹੈੱਲਥ ਸਕਿਓਰਿਟੀ ਏਜੰਸੀ ਵੱਲੋਂ ਜਾਰੀ ਡਾਟਾ ਦਾ ਵੀ ਜ਼ਿਕਰ ਕੀਤਾ।

ਇਸ ਵਿੱਚ ਵਿਗਿਆਨੀਆਂ ਨੇ ਓਮੀਕਰੋਨ ਦੀ ਸਮੇਂ ਸੀਮਾ ਡੈਲਟਾ ਵੇਰੀਐਂਟ ਤੋਂ ਘੱਟ ਹੋਣ ਦੀ ਸੰਭਾਵਨਾ ਜਤਾਈ ਹੈ। ਉਨ੍ਹਾਂ ਨੇ ਕਿਹਾ ਕਿ ਹਾਲੇ ਇਹ ਸਾਫ਼ ਨਹੀਂ ਹੈ ਕਿ ਇਹ ਵਾਇਰਸ ਕਿੰਨਾ ਖ਼ਤਰਨਾਕ ਹੈ ਅਤੇ ਵੈਕਸੀਨ ਦਾ ਇਸ 'ਤੇ ਕੀ ਅਸਰ ਪਵੇਗਾ। ਇਸ ਲਈ ਅਸੀਂ ਕੁਝ ਵੀ ਨਹੀਂ ਕਹਿ ਸਕਦੇ ਕਿ ਇਹ ਵੇਰੀਐਂਟ ਸਾਨੂੰ ਰਿਕਵਰੀ ਲਈ ਕਿੰਨਾ ਸਮਾਂ ਦੇਵੇਗਾ। ਬ੍ਰਿਟੇਨ ਨੇ ਰੈੱਡ ਲਿਸਟ ਜਾਰੀ ਕੀਤੀ ਜਿਸ ਵਿੱਚ ਕਿਸੇ ਵੀ ਦੇਸ਼ ਦੇ ਯਾਤਰੀ ਭਾਵੇਂ ਉਸ ਨੇ ਟੀਕਾਕਰਨ ਕਰਵਾਇਆ ਹੋਵੇ, ਉਸ ਨੂੰ ਯੂ.ਕੇ. ਆਉਣ ਲਈ 48 ਘੰਟੇ ਪਹਿਲਾਂ ਦੀ ਪੀ.ਸੀ.ਆਰ. ਨੈਗੇਟਿਵ ਰਿਪੋਰਟ ਦਿਖਾਉਣੀ ਹੋਵੇਗੀ।

# ਪ੍ਰੇਮ ਵਿਆਹ ਦੀ ਮਿਲੀ ਖੌਫ਼ਨਾਕ ਸਜ਼ਾ, ਭਰਾ ਨੇ ਗਰਭਵਤੀ ਭੈਣ ਦਾ ਸਿਰ ਧੜ ਨਾਲੋਂ ਕੀਤਾ ਵੱਖ

ਔਰੰਗਾਬਾਦ- ਮਹਾਰਾਸ਼ਟਰ 'ਚ ਔਨਰ ਕਿਲਿੰਗ ਦਾ ਇੱਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇੱਕ ਭਰਾ ਨੇ ਆਪਣੀ ਗਰਭਵਤੀ ਭੈਣ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਛੋਟਾ ਭਰਾ ਭੈਣ ਦੇ ਵਿਆਹ ਤੋਂ ਖੁਸ਼ ਨਹੀਂ ਸੀ, ਜਿਸ ਕਾਰਨ ਉਸ ਨੇ ਇਹ ਖੌਫ਼ਨਾਕ ਕਦਮ ਚੁੱਕਿਆ। ਉੱਥੇ ਹੀ ਇਸ ਪੂਰੀ ਵਾਰਦਾਤ 'ਚ ਮ੍ਰਿਤਕਾ ਦੀ ਮਾਂ ਨੇ ਵੀ ਆਪਣੇ ਪੁੱਤਰ ਦਾ ਸਾਥ ਦਿੱਤਾ ਅਤੇ ਧੀ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਜਾਣਕਾਰੀ ਅਨੁਸਾਰ ਮ੍ਰਿਤਕਾ ਦਾ ਨਾਮ ਕੀਰਤੀ ਥੋਰੇ ਸੀ ਅਤੇ ਹਾਲ ਹੀ 'ਚ ਉਸ ਨੇ ਪ੍ਰੇਮ ਵਿਆਹ ਕੀਤਾ ਸੀ। ਜਿਸ ਤੋਂ ਉਸ ਦੇ ਪਰਿਵਾਰ ਵਾਲੇ ਖੁਸ਼ ਨਹੀਂ ਸਨ। ਉੱਥੇ ਹੀ ਮੌਕਾ ਮਿਲਦੇ ਹੀ ਉਨ੍ਹਾਂ ਨੇ ਕੀਰਤੀ ਦਾ ਕਤਲ ਕਰ ਦਿੱਤਾ। ਛੋਟੇ ਭਰਾ ਨੇ ਪਹਿਲਾਂ ਭੈਣ ਕੀਰਤੀ ਦਾ ਸਿਰ ਧੜ ਤੋਂ ਵੱਖ ਕੀਤਾ ਅਤੇ ਉਸ ਤੋਂ ਬਾਅਦ ਗਰਦਨ ਬਾਹਰ ਵੇਹੜੇ 'ਚ ਸੁੱਟ ਕੇ ਦੌੜ ਗਿਆ। ਇਸ ਪੂਰੀ ਵਾਰਦਾਤ ਨੂੰ ਘਰ 'ਚ ਹੀ ਅੰਜਾਮ ਦਿੱਤਾ ਗਿਆ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਸ ਕਤਲ 'ਚ ਮ੍ਰਿਤਕਾ ਦੀ ਮਾਂ ਸ਼ੋਭਾ ਵੀ ਸ਼ਾਮਲ ਸੀ। ਉੱਥੇ ਹੀ ਪੁਲੀਸ ਨੇ ਦੋਸ਼ੀ ਭਰਾ ਅਤੇ ਮਾਂ ਦੋਵਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਮਾਮਲੇ ਬਾਰੇ ਜਾਣਕਾਰੀ ਦਿੰਦੇ ਹੋਏ ਪੁਲੀਸ ਨੇ ਦੱਸਿਆ ਕਿ ਮ੍ਰਿਤਕਾ ਨੇ ਆਪਣੇ ਪਰਿਵਾਰ ਵਾਲਿਆਂ ਵਿਰੁੱਧ ਜਾ ਕੇ ਜੂਨ ਮਹੀਨੇ ਦੌੜ ਕੇ ਆਪਣੇ ਪ੍ਰੇਮੀ ਨਾਲ ਵਿਆਹ ਕੀਤਾ ਸੀ। ਵੈਜਾਪੁਰ ਦੇ ਡੀ.ਐੱਸ.ਪੀ. ਕੈਲਾਸ਼ ਪ੍ਰਜਾਪਤੀ ਨੇ ਦੱਸਿਆ ਕਿ ਮਾਂ ਸ਼ੋਭਾ ਇੱਕ ਹਫ਼ਤੇ ਪਹਿਲਾਂ ਧੀ ਨਾਲ ਮਿਲ ਕੇ ਗਈ ਸੀ। 5 ਸਤੰਬਰ ਨੂੰ ਉਹ ਫ਼ਿਰ ਆਪਣੇ ਪੁੱਤਰ ਨਾਲ ਆਈ। ਧੀ ਦਾ ਘਰ ਖੇਤ 'ਚ ਹੈ, ਉਹ ਆਪਣੇ ਸੱਸ-ਸਹੁਰੇ ਨਾਲ ਖੇਤ 'ਚ ਕੰਮ ਕਰ ਰਹੀ ਸੀ। ਮਾਂ ਅਤੇ ਭਰਾ ਨੂੰ ਦੇਖ ਕੇ ਉਹ ਖੇਤ ਦਾ ਕੰਮ ਛੱਡ ਦੌੜ ਕੇ ਘਰ ਆ ਗਈ। ਦੋਵਾਂ ਨੂੰ ਪਾਣੀ ਦਿੱਤਾ ਅਤੇ ਚਾਹ ਬਣਾਉਣ ਰਸੋਈ 'ਚ ਗਈ। ਉਦੋਂ ਪਿੱਛਿਓਂ ਆ ਕੇ ਮਾਂ ਨੇ ਉਸ ਦੇ ਪੈਰ ਫੜ ਲਏ ਅਤੇ ਭਰਾ ਨੇ ਇੱਕ ਹੀ ਝਟਕੇ 'ਚ ਸਿਰ ਧੜ ਤੋਂ ਵੱਖ ਕਰ ਦਿੱਤਾ। ਜਿਸ ਦੌਰਾਨ ਇਹ ਸਭ ਹੋ ਰਿਹਾ ਸੀ, ਮ੍ਰਿਤਕਾ ਦਾ ਪਤੀ ਵੀ ਘਰ 'ਚ ਮੌਜੂਦ ਸੀ। ਜਾਣਕਾਰੀ ਅਨੁਸਾਰ ਮ੍ਰਿਤਕਾ ਦਾ ਪਤੀ ਬਿਮਾਰ ਹੋਣ ਕਾਰਨ ਘਰ 'ਚ ਸੌਂ ਰਿਹਾ ਸੀ। ਭਾਂਡੇ ਡਿੱਗਣ ਦੀ ਆਵਾਜ਼ ਨਾਲ ਉਹ ਉੱਠਿਆ, ਉਦੋਂ ਭਰਾ ਨੇ ਉਸ ਨੂੰ ਵੀ ਮਾਰਨ ਦੀ ਕੋਸ਼ਿਸ਼ ਕੀਤੀ ਪਰ ਉਹ ਕਿਸੇ ਤਰ੍ਹਾਂ ਬਚ ਕੇ ਦੌੜ ਗਿਆ। ਉਸ ਤੋਂ ਬਾਅਦ ਭਰਾ ਸਿਰ ਹੱਥ 'ਚ ਲੈ ਕੇ ਬਾਹਰ ਵੇਹੜੇ 'ਚ ਆਇਆ। ਸਾਰਿਆਂ ਨੂੰ ਦਿਖਾਇਆ ਅਤੇ ਫ਼ਿਰ ਮੋਟਰਸਾਈਕਲ 'ਤੇ ਬੈਠ ਕੇ ਪੁਲੀਸ ਥਾਣੇ ਜਾ ਕੇ ਆਤਮ ਸਮਰਪਣ ਕਰ ਦਿੱਤਾ। ਲੋਕਾਂ ਦਾ ਕਹਿਣਾ ਹੈ ਕਿ ਉਸ ਨੇ ਸਿਰ ਨਾਲ ਸੈਲਫ਼ੀ ਵੀ ਲਈ ਪਰ ਪੁਲੀਸ ਦਾ ਕਹਿਣਾ ਹੈ ਕਿ ਉਹ ਜਾਂਚ ਦਾ ਵਿਸ਼ਾ ਹੈ। ਅਸੀਂ ਉਸ 'ਤੇ ਹਾਲੇ ਕੁਝ ਨਹੀਂ ਕਹਿ ਸਕਦੇ।



# ਤਾਲਿਬਾਨ ਨਵੀਂ ਸਰਕਾਰ 'ਚ ਔਰਤਾਂ ਨੂੰ ਸ਼ਾਮਲ ਕਰੇ: ਮਹਿਲਾ ਕਾਰਕੁੰਨ

ਕਾਬੁਲ - ਅਫ਼ਗਾਨਿਸਤਾਨ ਦੀ ਰਾਜਧਾਨੀ ਵਿੱਚ ਮਹਿਲਾ ਕਾਰਕੁੰਨਾਂ ਨੇ ਤਾਲਿਬਾਨ ਸਰਕਾਰ ਵਿੱਚ ਔਰਤਾਂ ਨੂੰ ਸ਼ਾਮਲ ਕਰਨ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕੀਤਾ। ਮਹਿਲਾ ਕਾਰਕੁੰਨਾਂ ਨੇ ਮੁੱਲਾ ਹਿਬਤੁੱਲਾ ਅਖੁੰਦਜਾਦਾ ਵਲੋਂ 3 ਦਸੰਬਰ ਨੂੰ ਦੇਸ਼ ਦੀਆਂ ਔਰਤਾਂ ਲਈ ਜਾਰੀ ਕੀਤੇ ਗਏ ਫ਼ਰਮਾਨ 'ਤੇ ਆਪਣੀ ਅਸੰਤੁਸ਼ਟੀ ਜ਼ਾਹਿਰ ਕੀਤੀ। ਟੋਲੋ ਨਿਊਜ਼ ਦੀ ਰਿਪੋਰਟ ਅਨੁਸਾਰ ਮਹਿਲਾ ਕਾਰਕੁੰਨਾਂ ਨੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਔਰਤਾਂ ਦੇ ਅਧਿਕਾਰਾਂ ਨੂੰ ਕਾਇਮ ਰੱਖਣ ਲਈ ਇਸਲਾਮਿਕ ਅਮੀਰਾਤ 'ਤੇ ਦਬਾਅ ਪਾਉਣ ਲਈ ਕਿਹਾ ਹੈ।



ਮਹਿਲਾ ਅਧਿਕਾਰ ਕਾਰਕੁੰਨ ਸਬੀਰਾ ਅਕਬਰੀ ਨੇ ਕਿਹਾ, "ਕਈ ਔਰਤਾਂ ਆਪਣੇ ਪਰਿਵਾਰ ਲਈ ਰੋਜ਼ੀ-ਰੋਟੀ ਕਮਾਉਂਦੀਆਂ ਹਨ। ਸਰਕਾਰ ਕੋਲ ਉਨ੍ਹਾਂ ਲਈ ਕੋਈ ਪ੍ਰੋਗਰਾਮ ਨਹੀਂ ਹੈ। ਵਿਦਿਆਰਥਣਾਂ ਦੀ ਹਾਲਤ ਵੀ ਸਪੱਸ਼ਸ਼ ਨਹੀਂ ਹੈ।" ਨਾਗਰਿਕ ਅਧਿਕਾਰ ਕਾਰਕੁੰਨ ਫ਼ਰੀਦਾ ਨੇ ਕਿਹਾ, "ਰਾਜਨੀਤਕ, ਸਮਾਜਿਕ ਅਤੇ ਆਰਥਿਕ ਮਾਮਲਿਆਂ 'ਚ ਔਰਤਾਂ ਨੂੰ ਸ਼ਾਮਲ ਕਰਨਾ ਉਨ੍ਹਾਂ ਦਾ ਅਧਿਕਾਰ ਹੈ ਅਤੇ ਉਨ੍ਹਾਂ ਦਾ ਇਹ ਅਧਿਕਾਰ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ, ਕਿਉਂਕਿ ਜੇਕਰ ਇਹ ਅਧਿਕਾਰ ਔਰਤਾਂ ਤੋਂ ਖੋਹ ਲਿਆ ਜਾਂਦਾ ਹੈ ਤਾਂ ਸਰਕਾਰ ਟੁੱਟ ਜਾਵੇਗੀ।" ਕਾਰਕੁੰਨਾਂ ਨੇ ਕਿਹਾ ਕਿ ਤਾਲਿਬਾਨ ਨੂੰ ਸਰਕਾਰ ਦੇ ਗਠਨ ਵਿੱਚ ਔਰਤਾਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ।

# ਜਾਸੂਸੀ ਦੇ ਦੋਸ਼ 'ਚ ਦੀ ਜੇਲ੍ਹ 'ਚ ਬੰਦ ਪੁੱਤਰ ਨੂੰ ਮਿਲਣ ਲਈ ਮਾਂ ਨੂੰ ਕਰਨਾ ਪਵੇਗਾ 2025 ਤਕ ਇੰਤਜ਼ਾਰ




ਕੋਚੀ – ਭਾਰਤ ਸਰਕਾਰ ਲਈ ਜਾਸੂਸੀ ਕਰਨ ਦੇ ਮਾਮਲੇ 'ਚ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) 'ਚ 2015 ਤੋਂ 10 ਸਾਲ ਜੇਲ੍ਹ ਦੀ ਸਜ਼ਾ ਭੁਗਤ ਰਹੇ ਸ਼ਿਹਾਨੀ ਮੀਰਾ ਸਾਹਿਬ ਜਮਾਲ ਮੁਹੰਮਦ ਦੀ ਮਾਂ ਸ਼ਾਹੂਬਾਨਾਥ ਬੀਵੀ ਨੂੰ ਆਪਣੇ ਪੁੱਤਰ ਨਾਲ ਮਿਲਣ ਲਈ 2025 ਤਕ ਇੰਤਜ਼ਾਰ ਕਰਨਾ ਪੈ ਸਕਦਾ ਹੈ। ਦਰਅਸਲ ਕੇਂਦਰ ਸਰਕਾਰ ਨੇ ਕੇਰਲ ਹਾਈਕੋਰਟ ਨੂੰ ਕਿਹਾ ਕਿ ਉੱਥੇ ਉਸ ਦੇ ਦੂਤਘਰ ਨੇ ਇਸ ਮਾਮਲੇ 'ਚ ਹਰ ਸੰਭਵ ਕੋਸ਼ਿਸ਼ ਕਰ ਲਈ ਹੈ। ਕੇਂਦਰ ਨੇ ਅਦਾਲਤ ਨੂੰ ਦੱਸਿਆ ਕਿ ਮੁਹੰਮਦ ਨੂੰ ਅਗਸਤ 2015 'ਚ 10 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਗਈ ਸੀ ਅਤੇ ਅਬੂ ਧਾਬੀ ਸੰਘੀਏ ਅਪੀਲੀ ਅਦਾਲਤ ਨੇ ਇਸ ਸਜ਼ਾ ਨੂੰ ਬਰਕਰਾਰ ਰੱਖਿਆ ਸੀ। ਮੁਹੰਮਦ ਨੂੰ ਇਸ ਸਜ਼ਾ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਸਤੰਬਰ 2025 'ਚ ਰਿਹਾਅ ਕੀਤਾ ਜਾਵੇਗਾ ਅਤੇ ਇਸ ਤੋਂ ਬਾਅਦ ਉਸ ਨੂੰ ਭਾਰਤ ਭੇਜਿਆ ਜਾਵੇਗਾ। ਕੇਂਦਰ ਨੇ ਦੱਸਿਆ ਕਿ ਸੰਯੁਕਤ ਅਰਬ ਅਮੀਰਾਤ 'ਚ ਭਾਰਤੀ ਦੂਤਘਰ ਨੇ ਸਥਾਨਕ ਅਧਿਕਾਰੀਆਂ ਤੋਂ ਹਮਦਰਦੀ ਦੇ ਆਧਾਰ 'ਤੇ ਮਾਮਲੇ 'ਤੇ ਮੁੜ ਵਿੱਚਾਰ ਕਰਨ ਅਤੇ ਮੁਹੰਮਦ ਦੀ ਸਜ਼ਾ ਮੁਆਫ਼ ਕਰਨ ਦੀ ਅਪੀਲ ਕੀਤੀ ਸੀ ਪਰ ਇਹ ਰਾਸ਼ਟਰੀ ਸੁਰੱਖ਼ਿਆ ਨਾਲ ਜੁੜਿਆ ਮਾਮਲਾ ਹੋਣ ਕਾਰਨ ਉਨ੍ਹਾਂ ਨੇ ਕੋਈ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ।

ਕੇਂਦਰ ਸਰਕਾਰ ਨੇ ਅਦਾਲਤ ਨੂੰ ਇਹ ਵੀ ਦੱਸਿਆ ਕਿ ਮੁਹੰਮਦ ਵਲੋਂ ਦਯਾ ਪਟੀਸ਼ਨ ਦਾਇਰ ਕਰਨ ਲਈ ਦੂਤਘਰ ਨੂੰ ਭੇਜੇ ਗਏ ਈ-ਮੇਲ ਸਬੰਧਤ ਸਥਾਨਕ ਅਧਿਕਾਰੀਆਂ ਨੂੰ ਭੇਜ ਦਿੱਤੇ ਗਏ ਹਨ। ਸ਼ਾਹੂਬਾਨਾਥ ਬੀਵੀ ਨੇ ਵਕੀਲ ਜੋਸ ਅਬਰਾਹਮ ਰਾਹੀਂ ਪਟੀਸ਼ਨ ਦਾਇਰ ਕਰ ਆਪਣੇ ਪੁੱਤਰ ਨੂੰ ਕਾਨੂੰਨੀ ਮਦਦ ਮੁਹੱਈਆ ਕਰਵਾਏ ਜਾਣ ਦੀ ਅਪੀਲ ਕੀਤੀ ਸੀ। ਇਸ ਦੇ ਜਵਾਬ 'ਚ ਕੇਂਦਰ ਨੇ ਅਦਾਲਤ 'ਚ ਰਿਪੋਰਟ ਦਾਖਲ ਕੀਤੀ। ਔਰਤ ਨੇ ਦਾਅਵਾ ਕੀਤਾ ਹੈ ਕਿ ਉਸ ਦੇ ਪੁੱਤਰ ਨੂੰ 'ਗੰਭੀਰ ਉਤਪੀੜਨ' ਦਾ ਸ਼ਿਕਾਰ ਹੋਣਾ ਪਿਆ ਹੈ ਅਤੇ ਉਸ ਨੂੰ ਉੱਥੇ ਦੇ ਭਾਰਤੀ ਦੂਤਘਰ ਜਾਂ ਕੇਂਦਰ ਸਰਕਾਰ ਤੋਂ ਕਿਸੇ ਵੀ ਤਰ੍ਹਾਂ ਦਾ ਸਮਰਥਨ ਨਹੀਂ ਮਿਲਿਆ। ਕੇਂਦਰ ਨੇ ਇਸ ਦੋਸ਼ ਨੂੰ ਖਾਰਜ ਕਰਦੇ ਹੋਏ ਕਿਹਾ ਕਿ ਜਦੋਂ ਦੂਤਘਰ ਨੂੰ 2015 'ਚ ਮੁਹੰਮ ਦੀ ਗ੍ਰਿਫ਼ਤਾਰੀ ਬਾਰੇ ਪਤਾ ਲੱਗਾ ਸੀ, ਉਦੋਂ ਉਸ ਨੇ ਇਸ ਮਾਮਲੇ ਦੀ ਜਾਂਚ ਲਈ ਯੂ.ਏ.ਈ. ਦੇ ਵਿਦੇਸ਼ ਮੰਤਰਾਲਾ ਨਾਲ ਸਤੰਬਰ 2015 'ਚ ਇੱਕ ਅਧਿਕਾਰਤ ਗੱਲਬਾਤ ਕੀਤੀ ਸੀ ਅਤੇ ਮੁਹੰਮਦ ਦੀ ਗ੍ਰਿਫ਼ਤਾਰੀ ਦਾ ਕਾਰਨ ਜਾਣਨਾ ਚਾਹਿਆ ਸੀ। ਦੂਤਘਰ ਨੇ ਮੁਹੰਮਦ ਨੂੰ ਡਿਪਲੋਮੈਟ ਪਹੁੰਚ ਮੁਹੱਈਆ ਕਰਵਾਏ ਜਾਣ ਦੀ ਵੀ ਅਪੀਲ ਕੀਤੀ ਸੀ।

ਕੇਂਦਰ ਨੇ ਕਿਹਾ ਕਿ ਇਸ ਗੱਲਬਾਤ ਦਾ ਕੋਈ ਉੱਤਰ ਨਹੀਂ ਮਿਲਣ ਤੋਂ ਬਾਅਦ, ਦੂਤਘਰ ਨੇ ਜਨਵਰੀ 2016 'ਚ ਫ਼ਿਰ ਤੋਂ ਗੱਲਬਾਤ ਕੀਤਾ ਸੀ। ਮਾਰਚ 2017 'ਚ ਮੁਹੰਮਦ ਨੂੰ ਡਿਪਲੋਮੈਟ ਪਹੁੰਚ ਮੁਹੱਈਆ ਕਰਵਾਈ ਗਈ ਅਤੇ ਇੱਕ ਅਧਿਕਾਰੀ ਨੇ ਜੇਲ੍ਹ 'ਚ ਉਨ੍ਹਾਂ ਨਾਲ ਮੁਲਾਕਾਤ ਕੀਤੀ ਸੀ। ਕੇਂਦਰ ਨੇ ਉਕਤ ਤੱਥਾਂ ਦੇ ਮੱਦੇਨਜ਼ਰ ਪਟੀਸ਼ਨ ਦਾ ਨਿਪਟਾਰਾ ਕਰਨ ਦੀ ਅਪੀਲ ਕੀਤੀ। ਇਸ ਮਾਮਲੇ 'ਤੇ ਸੋਮਵਾਰ ਸੁਣਵਾਈ ਕੀਤੀ ਗਈ ਪਰ ਯੂ.ਏ.ਈ. ਦੂਤਘਰ ਨੂੰ ਇੱਥੋਂ ਪੱਖਕਾਰ ਨਹੀਂ ਬਣਾਇਆ ਗਿਆ ਸੀ, ਇਸ ਲਈ ਅਦਾਲਤ ਨੇ ਇਸ ਮਾਮਲੇ ਨੂੰ 9 ਦਸੰਬਰ ਨੂੰ ਸੁਣਵਾਈ ਲਈ ਸੂਚੀਬੱਧ ਕਰ ਦਿੱਤਾ। ਔਰਤ ਨੇ ਆਪਣੀ ਪਟੀਸ਼ਨ 'ਚ ਦਾਅਵਾ ਕੀਤਾ ਹੈ ਕਿ ਮਾਮਲੇ 'ਚ ਯੂ.ਏ.ਈ. ਦੀਆਂ ਅਦਾਲਤਾਂ ਵਲੋਂ ਪਾਸ ਫ਼ੈਸਲਿਆਂ ਅਨੁਸਾਰ, ਉਨ੍ਹਾਂ ਦਾ ਪੁੱਤਰ ਯੂ.ਏ.ਈ. 'ਚ ਭਾਰਤੀ ਦੂਤਘਰ ਦੇ ਅਧਿਕਾਰੀਆਂ ਲਈ ਕੰਮ ਕਰ ਰਿਹਾ ਸੀ। ਔਰਤ ਨੇ ਦੋਸ਼ ਲਗਾਇਆ ਹੈ ਕਿ ਉਸ ਦੇ ਪੁੱਤਰ ਨੂੰ ਉੱਥੇ ਦੀਆਂ ਅਦਾਲਤਾਂ 'ਚ ਆਪਣਾ ਬਚਾਅ ਕਰਨ ਲਈ ਉੱਚਿਤ ਕਾਨੂੰਨੀ ਮਦਦ ਵੀ ਨਹੀਂ ਦਿੱਤੀ ਗਈ।"



# ਜ਼ਮੀਨ ਦੇ ਮੁਕਾਬਲੇ ਗਮਲੇ ਵਾਲੇ ਬੂਟੇ ਵੱਧ ਦੇਖਭਾਲ ਮੰਗਦੇ ਨੇ



ਸ਼ਹਿਰਾਂ ਵਿਚ ਖ਼ਾਸ ਕਰਕੇ ਮਹਾਨਗਰਾਂ ਵਿਚ ਰਹਿਣ ਵਾਲੇ 70 ਫ਼ੀਸਦੀ ਲੋਕਾਂ ਕੋਲ ਆਪਣੇ ਘਰ ਨਹੀਂ ਹੁੰਦੇ। ਜਿਨ੍ਹਾਂ ਕੋਲ ਜ਼ਮੀਨ ਤੇ ਘਰ ਹਨ ਵੀ, ਉਨ੍ਹਾਂ ਵਿਚੋਂ ਵੀ ਦੋ ਤਿਹਾਈ ਦੇ ਕੋਲ ਘਰ ਵਿਚ ਜ਼ਮੀਨ ਦਾ ਕੋਈ ਇਸ ਤਰ੍ਹਾਂ ਦਾ ਟੁਕੜਾ ਨਹੀਂ ਹੈ ਜਾਂ ਘਰ ਵੱਡਾ ਨਹੀਂ ਹੈ, ਜਿਸ ਦੇ ਇਕ ਹਿੱਸੇ ਨੂੰ ਕਿਚਨ ਗਾਰਡਨ ਵਿਚ ਤਬਦੀਲ ਕੀਤਾ ਜਾ ਸਕੇ। ਕੁੱਲ ਮਿਲਾ ਕੇ ਕਹਿਣ ਦੀ ਗੱਲ ਇਹ ਹੈ ਕਿ ਅੱਜਕਲ੍ਹ ਸ਼ਹਿਰਾਂ ਵਿਚ ਕਿਚਨ ਗਾਰਡਨ ਦਾ ਸਾਰੇ ਦਾ ਸਾਰਾ ਭਾਰ ਗਮਲਿਆਂ ਵਿਚ ਲਗਾਏ ਜਾਣ ਵਾਲੇ ਬੂਟਿਆਂ ਤੇ ਹੀ ਹੈ।

ਉਂਝ ਤਾਂ ਬੂਟੇ, ਬੂਟੇ ਹੀ ਹੁੰਦੇ ਹਨ, ਉਹ ਚਾਹੇ ਜ਼ਮੀਨ ਵਿਚ ਲੱਗਣ ਜਾਂ ਗਮਲਿਆਂ ਵਿਚ ਪਰ ਦੋਵਾਂ ਵਿਚ ਇਕ ਫਰਕ ਹੁੰਦਾ ਹੈ। ਉਹ ਇਹ ਕਿ ਜ਼ਮੀਨ ਵਿਚ ਲੱਗੇ ਬੂਟਿਆਂ ਦੇ ਮੁਕਾਬਲੇ ਗਮਲੇ ਵਾਲੇ ਬੂਟਿਆਂ ਦੀ ਦੇਖਭਾਲ ਜ਼ਿਆਦਾ ਕਰਨੀ ਪੈਂਦੀ ਹੈ ਕਿਉਂਕਿ ਗਮਲਿਆਂ ਵਿਚ ਬੂਟੇ ਨੂੰ ਜ਼ਮੀਨ ਵਾਲੇ ਬੂਟਿਆਂ ਦੀ ਤਰ੍ਹਾਂ ਮਿੱਟੀ ਨਹੀਂ ਮਿਲਦੀ। ਜ਼ਮੀਨ ਵਾਲੇ ਬੂਟੇ ਨੂੰ ਜ਼ਿਆਦਾ ਦਿਨਾਂ ਤੱਕ ਨਮੀ ਮਿਲਦੀ ਰਹਿੰਦੀ ਹੈ, ਪਰ ਗਮਲੇ ਵਿਚ ਲੱਗੇ ਬੂਟੇ ਨੂੰ ਜੇਕਰ ਦੋ ਦਿਨ ਵੀ ਪਾਣੀ ਦੇਣਾ ਭੁੱਲ ਗਏ ਤਾਂ ਉਹ ਮੁਰਝਾ ਜਾਣਗੇ। ਹਾਲਾਂਕਿ ਕੁਝ ਫ਼ਾਇਦੇ ਜ਼ਮੀਨ ਵਾਲੇ ਬੂਟਿਆਂ ਦੇ ਮੁਕਾਬਲੇ ਗਮਲਿਆਂ ਵਿਚ ਲੱਗੇ ਬੂਟਿਆਂ ਦੇ ਜ਼ਿਆਦਾ ਹਨ। ਜਿਵੇਂ ਗਮਲਿਆਂ ਵਿਚ ਲੱਗੇ ਬੂਟਿਆਂ ਨੂੰ ਅਸੀਂ ਸੌਖਿਆਂ ਹੀ ਇਕ ਥਾਂ ਤੋਂ ਦੂਜੀ ਥਾਂ ਰੱਖ ਸਕਦੇ ਹਾਂ। ਧੁੱਪ ਜਾਂ ਛਾਂ ਵਿਚ ਰੱਖ ਸਕਦੇ ਹਾਂ। ਬਹੁਤਾ ਮੀਂਹ ਹੋਵੇ ਤਾਂ ਕਮਰੇ ਦੇ ਅੰਦਰ ਰੱਖ ਸਕਦੇ ਹਾਂ ਅਤੇ ਸਭ ਤੋਂ ਵੱਡੀ ਗੱਲ ਇਹ ਕਿ ਗਮਲਿਆਂ ਵਿਚ ਲੱਗੇ ਬੂਟਿਆਂ ਨੂੰ ਅਸੀਂ ਘਰ ਦੇ ਜਿਸ ਵੀ ਕੋਨੇ ਵਿਚ ਚਾਹੀਏ, ਰੱਖ ਸਕਦੇ ਹਾਂ ਜਾਂ ਵਾਰ-ਵਾਰ ਇਨ੍ਹਾਂ ਦਾ ਥਾਂ ਬਦਲ ਸਕਦੇ ਹਾਂ।

ਇਹੀ ਨਹੀਂ ਗਮਲਿਆਂ ਵਿਚ ਲੱਗੇ ਬੂਟਿਆਂ ਜ਼ਰੀਏ ਅਸੀਂ ਆਪਣੇ ਘਰ ਨੂੰ ਕਲਪਨਾਸ਼ੀਲ ਢੰਗ ਨਾਲ ਸਜਾ ਸਕਦੇ ਹਾਂ। ਪਰ ਗਮਲਿਆਂ ਵਿਚ ਲੱਗੇ ਬੂਟਿਆਂ ਦੀ ਦੇਖਭਾਲ ਜ਼ਰਾ ਜ਼ਿਆਦਾ ਚੌਕੰਨੇ ਹੋ ਕੇ ਕਰਨੀ ਪੈਂਦੀ ਹੈ। ਜਦੋਂ ਵੀ ਗਮਲਿਆਂ ਵਿਚ ਕੋਈ ਬੂਟਾ ਲਗਾਇਆ ਜਾਂਦਾ ਹੈ ਤਾਂ ਉਸ ਤੋਂ ਪਹਿਲਾਂ ਗਮਲਿਆਂ ਨੂੰ ਚੰਗੀ ਤਰ੍ਹਾਂ ਨਾਲ ਧੋਣਾ ਭਾਵ ਸਾਫ਼ ਕਰ ਲੈਣਾ ਚਾਹੀਦਾ ਹੈ। ਜੇਕਰ ਗਮਲਿਆਂ ਵਿਚ ਕੋਈ ਮਿੱਟੀ, ਉੱਲੀ ਆਦਿ ਲੱਗੀ ਹੋਵੇ ਤਾਂ ਉਸ ਨੂੰ ਸੋਢੇ ਵਾਲੇ ਪਾਣੀ ਨਾਲ ਧੋ ਲੈਣਾ ਚਾਹੀਦਾ ਹੈ। ਨਹੀਂ ਤਾਂ ਗੰਦੇ ਗਮਲਿਆਂ ਕਾਰਨ ਬੂਟਿਆਂ ਵਿਚ ਬਹੁਤ ਸਾਰੇ ਰੋਗ ਲਗ ਸਕਦੇ ਹਨ। ਖ਼ਾਸ ਕਰਕੇ ਇਨ੍ਹਾਂ ਵਿਚ ਰੋਗ ਪੈਦਾ ਕਰਨ ਵਾਲਾ ਬੈਕਟੀਰੀਆ, ਮੋਡਲਸ, ਨਿਮੇਟੋਡਸ ਆਦਿ ਬਿਮਾਰੀਆਂ ਦਾ ਪੌਦਿਆਂ ਵਿਚ ਲੱਗ ਜਾਣ ਦਾ ਖ਼ਤਰਾ ਰਹਿੰਦਾ ਹੈ। ਇਸ ਲਈ ਕਿਸੇ ਗਮਲੇ ਵਿਚ ਬੂਟੇ ਲਗਾਉਣ ਤੋਂ ਪਹਿਲਾਂ ਉਸ ਨੂੰ ਬਹੁਤ ਚੰਗੀ ਤਰ੍ਹਾਂ ਨਾਲ ਧੋ ਕੇ ਇਸ ਤਰ੍ਹਾਂ ਦੀਆਂ ਸਭ ਸੰਕ੍ਰਮਣ ਵਾਲੀਆਂ ਬਿਮਾਰੀਆਂ ਤੋਂ ਰਹਿਤ ਕਰ ਲੈਣਾ ਚਾਹੀਦਾ ਹੈ।

ਹਮੇਸ਼ਾ ਕਿਸੇ ਬੂਟੇ ਨੂੰ ਗਮਲੇ ਵਿਚ ਬਿਲਕੁਲ ਵਿਚਾਲੇ ਲਗਾਉਣਾ ਚਾਹੀਦਾ, ਤਾਂ ਕਿ ਉਸ ਨੂੰ ਗਮਲੇ ਦੀ ਜ਼ਿਆਦਾ ਤੋਂ ਜ਼ਿਆਦਾ ਊਰਜਾ ਹਾਸਲ ਹੋ ਸਕੇ। ਗਮਲੇ ਦੇ ਬੂਟੇ ਨੂੰ ਵਿਕਸਿਤ ਹੋਣ ਲਈ ਇਸ ਤਰ੍ਹਾਂ ਥਾਂ ਵੀ ਵਧੇਰੇ ਮਿਲਦੀ ਹੈ। ਇਕ ਗੱਲ ਹੋਰ ਯਾਦ ਰੱਖਣੀ ਚਾਹੀਦੀ ਹੈ ਕਿ ਗਮਲੇ ਵਿਚ ਜਦੋਂ ਵੀ ਬੂਟਾ ਲਗਾਓ ਤਾਂ ਕੋਸ਼ਿਸ਼ ਕਰੋ ਕਿ ਉਸ ਦੀਆਂ ਜੜ੍ਹਾਂ ਗਮਲੇ ਦੀ ਮਿੱਟੀ ਵਿਚ ਕਾਫ਼ੀ ਅੰਦਰ ਤੱਕ ਚਲੀਆਂ ਜਾਣ। ਇਹ ਤਾਂ ਅਸੀਂ ਜਾਣਦੇ ਹੀ ਹਾਂ ਕਿ ਜਦੋਂ ਵੀ ਕਿਸੇ ਗਮਲੇ ਵਿਚ ਕੋਈ ਬੂਟਾ ਲਗਾਇਆ ਜਾਂਦਾ ਹੈ ਤਾਂ ਉਸ ਵਿਚ ਇਕ ਸੁਰਾਖ਼ ਹੁੰਦਾ ਹੈ ਅਤੇ ਉਸ ਸੁਰਾਖ ਦੇ ਚਾਰੇ ਪਾਸੇ ਲਕੜੀ ਜਾਂ ਪੱਥਰ ਦਾ ਇਸ ਤਰ੍ਹਾਂ ਦਾ ਢਾਂਚਾ ਬਣਾ ਦੇਣਾ ਚਾਹੀਦਾ ਤਾਂ ਕਿ ਗਮਲੇ ਵਿਚ ਪਾਣੀ ਰੁਕੇ ਨਾ, ਮਿੱਟੀ ਸੜੇ ਨਾ। ਜਦੋਂ ਗਮਲੇ ਵਿਚ ਲੱਗੇ ਬੂਟੇ ਦੀਆਂ ਜੜ੍ਹਾਂ ਬਾਹਰ ਨਿਕਲ ਕੇ ਮੁੜਣ ਲੱਗਣ ਤਾਂ ਗਮਲੇ ਦੀ ਫਿਰ ਤੋਂ ਭਰਾਈ ਕਰਨੀ ਜ਼ਰੂਰੀ ਹੋ ਜਾਂਦਾ ਹੈ। ਗਮਲੇ ਵਿਚ ਜਦੋਂ ਕੋਈ ਬੂਟਾ ਲਗਾਓ ਤਾਂ ਬਹੁਤ ਸਾਵਧਾਨੀ ਨਾਲ ਬੀਜੋ। ਕੋਸ਼ਿਸ਼ ਕਰੋ ਕਿ ਜਦੋਂ ਗਮਲੇ ਦੀ ਮਿੱਟੀ ਬਿਲਕੁਲ ਭੁਰਭੁਰੀ ਹੋਵੇ ਉਦੋਂ ਬੂਟਾ ਲਗਾਓ ਤਾਂ ਉਸ ਤੋਂ ਬਾਅਦ ਪਾਣੀ ਦੇਣਾ ਜ਼ਰੂਰੀ ਹੁੰਦਾ ਹੈ। ਜੇਕਰ ਗਮਲੇ ਵਿਚ ਬੂਟਾ ਲਗਾਉਣ ਦੇ ਤੁਰੰਤ ਬਾਅਦ ਪਾਣੀ ਨਹੀਂ ਦਿੱਤਾ ਤਾਂ ਬੂਟਾ ਮਰ ਜਾਂਦਾ ਹੈ। ਗਮਲੇ ਵਾਲੇ ਬੂਟੇ ਵਿਚ ਸਭ ਤੋਂ ਅਹਿਮ ਗੱਲ ਹੁੰਦੀ ਹੈ, ਇਸ ਦੀ ਮਿੱਟੀ। ਕਿਉਂਕਿ ਗਮਲੇ ਵਾਲੇ ਬੂਟੇ ਨੂੰ ਵਧਣ, ਫੈਲਣ ਅਤੇ ਵਿਕਾਸ ਕਰਨ ਲਈ ਬਹੁਤ ਜ਼ਿਆਦਾ ਥਾਂ ਉਪਲਬਧ ਨਹੀਂ ਹੁੰਦੀ, ਇਸ ਲਈ ਗਮਲੇ ਵਿਚ ਲੱਗੇ ਬੂਟਿਆਂ ਨੂੰ ਮਿੱਟੀ ਬਹੁਤ ਚੰਗੀ ਅਤੇ ਊਰਜਾਵਾਨ ਹੋਣੀ ਚਾਹੀਦੀ ਹੈ।

# ਮਨੋਰੰਜਨ ਤੇ ਗਿਆਨ ਦਾ ਸੋਮਾ-ਲੋਕ ਬੁਝਾਰਤਾਂ

**ਸੁਖਦੇਵ ਮਾਦਪੁਰੀ**



ਆਦਿ ਕਾਲ ਤੋਂ ਹੀ ਲੋਕ ਬੁਝਾਰਤਾਂ ਮਨੁੱਖੀ ਜੀਵਨ ਦਾ ਅਨਿੱਖੜਵਾਂ ਅੰਗ ਰਹੀਆਂ ਹਨ। ਇਹ ਆਦਿ ਮਨੁੱਖ ਦੇ ਮੁਢਲੇ ਮਨੋਰੰਜਕ ਸਾਧਨ ਹੀ ਨਹੀਂ ਰਹੀਆਂ ਬਲਕਿ ਇਹ ਉਨ੍ਹਾਂ ਦੇ ਵਸਤੂ ਗਿਆਨ ਨੂੰ ਪ੍ਰਚੰਡ ਕਰਨ ਦਾ ਵੀ ਪ੍ਰਮੁੱਖ ਸਾਧਨ ਸਨ। ਜਿਸ ਤਰ੍ਹਾਂ ਲੋਕ ਗੀਤ ਲੋਕ ਮਾਨਸ ਦੇ ਮਨੋਭਾਵ ਪ੍ਰਗਟਾਉਣ ਲਈ ਆਪਣਾ ਪ੍ਰਮੁੱਖ ਸਥਾਨ ਰੱਖਦੇ ਹਨ, ਉਸੇ ਤਰ੍ਹਾਂ ਲੋਕ ਬੁਝਾਰਤਾਂ ਵੀ ਲੋਕ ਬੁੱਧੀ ਦਾ ਚਮਤਕਾਰ ਦਿਖਾਉਣ ਲਈ ਵਿਸ਼ੇਸ਼ ਸਥਾਨ ਰੱਖਦੀਆਂ ਹਨ। ਇਹ ਲੋਕ ਸਾਹਿਤ ਦੇ ਮੁਢਲੇ ਰੂਪਾਂ ਵਿੱਚੋਂ ਪ੍ਰਮੁੱਖ ਹਨ ਤੇ ਇਨ੍ਹਾਂ ਦੀ ਧਾਰਾ ਸਦੀਆਂ ਤੋਂ ਵਹਿੰਦੀ ਆ ਰਹੀ ਹੈ।

ਬੁਝਾਰਤਾਂ ਦਾ ਇਤਿਹਾਸ, ਮਨੁੱਖੀ ਇਤਿਹਾਸ ਜਿੰਨਾ ਹੀ ਪੁਰਾਣਾ ਹੈ। ਇਹ ਸਾਰੇ ਸੰਸਾਰ ਦੀਆਂ ਬੋਲੀਆਂ ਅਤੇ ਭਾਸ਼ਾਵਾਂ ਵਿੱਚ ਉਪਲੱਬਧ ਹਨ। ਬੁਝਾਰਤਾਂ ਨੂੰ ਅੰਗਰੇਜ਼ੀ ਵਿੱਚ ਰਿਡਲ, ਫਰਾਂਸੀਸੀ ਵਿੱਚ ਡੈਵਨੰਟੀ, ਲਾਤੀਨੀ ਭਾਸ਼ਾ ਵਿੱਚ ਐਨੀਗਮਾ, ਜਰਮਨ ਵਿੱਚ ਰਤੀਜ਼ਲ, ਚੀਨੀ ਵਿੱਚ ਮੀ ਯੂ, ਉਰਦੂ ਤੇ ਹਿੰਦੀ ਵਿੱਚ ਪਹੇਲੀ, ਸਿੰਧੀ ਵਿੱਚ ਗਝਾਰਤ, ਪਸ਼ਤੋ ਵਿੱਚ ਅੜ, ਬੰਗਾਲੀ ਵਿੱਚ ਧਾਂਦਾ, ਸੰਸਕ੍ਰਿਤ ਵਿੱਚ ਪ੍ਰਹੇਲਕਾ, ਫਾਰਸੀ ਵਿੱਚ ਚੀਸਤਾਂ, ਅਰਬੀ ਵਿੱਚ ਲਗਜ਼ ਅਤੇ ਪੰਜਾਬੀ ਵਿੱਚ ਬੁਝਾਰਤ ਅਤੇ ਬਾਤਾਂ ਆਖਦੇ ਹਨ। ਮੁਦਾਵਣੀ, ਬੁਝੇਵਲ, ਬੁਝੱਕਾ ਅਤੇ ਬਤੌਲੀ ਆਦਿ ਪੰਜਾਬ ਦੀਆਂ ਸਥਾਨਕ ਬੋਲੀਆਂ ਵਿੱਚ ਬੁਝਾਰਤਾਂ ਦੇ ਪ੍ਰਚਲਿਤ ਨਾਂ ਹਨ।

ਬੁਝਾਰਤਾਂ ਸਾਰੇ ਸੰਸਾਰ ਦੀਆਂ ਕੌਮਾਂ ਦਾ ਵਡਮੁੱਲਾ ਤੇ ਕੌਮੀ ਵਿਰਸਾ ਹਨ ਜਿਨ੍ਹਾਂ 'ਤੇ ਸਾਰੀਆਂ ਕੌਮਾਂ ਮਾਣ ਕਰਦੀਆਂ ਹਨ। ਇਨ੍ਹਾਂ ਦੇ ਸਾਹਿਤਕ, ਇਤਿਹਾਸਕ ਅਤੇ ਸਭਿਆਚਾਰਕ ਮਹੱਤਵ ਨੂੰ ਮੁੱਖ ਰੱਖਦਿਆਂ ਵਿਦਵਾਨਾਂ ਵੱਲੋਂ ਬੁਝਾਰਤਾਂ ਦੇ ਸੰਗ੍ਰਹਿ ਕਰਨ ਦੇ ਯਤਨ ਆਰੰਭੇ ਗਏ। ਯੂਨਾਨੀ ਵਿਦਵਾਨਾਂ ਨੇ ਸਭ ਤੋਂ ਪਹਿਲਾਂ 'ਡੀਮਾਂਡ ਜਵਾਈਸ' ਨਾਂ ਦਾ ਯੂਨਾਨੀ ਬੁਝਾਰਤਾਂ ਦਾ ਸੰਗ੍ਰਹਿ 1151 ਵਿੱਚ ਤਿਆਰ ਕੀਤਾ। ਗਿਲਜ਼ ਬੇਜ਼ ਦੇ ਯਤਨਾਂ ਸਦਕਾ 1852 ਵਿੱਚ ਫਰਾਂਸੀਸੀ ਬੁਝਾਰਤਾਂ ਦਾ ਸੰਗ੍ਰਹਿ ਪ੍ਰਕਾਸ਼ਿਤ ਹੋਇਆ। ਇਸੇ ਪ੍ਰਕਾਰ ਅਰਬੀ ਭਾਸ਼ਾ ਵਿੱਚ ਵੀ ਬੁਝਾਰਤਾਂ ਦੇ ਕਈ ਸੰਗ੍ਰਹਿ ਪ੍ਰਕਾਸ਼ਿਤ ਹੋਏ ਜਿਨ੍ਹਾਂ ਵਿੱਚੋਂ ਅਬੂ ਅੱਲਾ ਮਹੱਰਰੀ ਨੇ 'ਅਕੀਦ ਅਲਗਿਆਤ' ਨਾਂ ਦਾ ਅਰਬੀ ਬੁਝਾਰਤਾਂ ਦਾ ਸੰਗ੍ਰਹਿ ਚੌਥੀ ਪੰਜਵੀ ਹਿਜਰੀ ਵਿੱਚ ਤਿਆਰ ਕੀਤਾ ਸੀ। ਅਸਚਰਜਤਾ, ਅਦਭੁੱਤਤਾ ਅਤੇ ਹਾਸਰਸ ਵਿੱਚ ਗਲੇਫੀਆਂ ਇਹ ਬੁਝਾਰਤਾਂ ਸੰਸਾਰ ਦੇ ਕੋਨੇ-ਕੋਨੇ ਵਿੱਚ ਫੈਲੀਆਂ ਹੋਈਆਂ ਹਨ ਅਤੇ ਸੰਸਾਰ ਭਰ ਦੇ ਲੋਕਾਂ ਦੇ ਮਨੋਰੰਜਨੀ ਸਾਹਿਤ ਦਾ ਅਨਮੋਲ ਖ਼ਜ਼ਾਨਾ ਹਨ। ਐਡਨਬਰਾ ਯੂਨੀਵਰਸਿਟੀ ਦਾ ਪ੍ਰੋਫ਼ੈਸਰ ਜਾਰਜ ਕਰਿਸਟਲ ਬੁਝਾਰਤਾਂ ਨੂੰ ਦੁਨੀਆਂ ਦਾ ਸਭ ਤੋਂ ਪੁਰਾਤਨ ਹਾਸਰਸ ਸਾਧਨ ਮੰਨਦਾ ਹੈ। ਭਾਰਤ ਵਿੱਚ ਬੁਝਾਰਤਾਂ ਪਾਉਣ ਅਤੇ ਬੁੱਝਣ ਦੀ ਪਰੰਪਰਾ ਬਹੁਤ ਪੁਰਾਣੀ ਹੈ। ਇਹ ਨਿਆਣਿਆਂ ਅਤੇ ਸਿਆਣਿਆਂ ਦੇ ਬੁੱਧੀ ਸੰਗਰਾਮ ਦੇ ਸਾਂਝੇ ਅਖਾੜੇ ਦੇ ਰੂਪ ਵਿੱਚ ਪ੍ਰਚਲਿਤ ਰਹੀਆਂ ਹਨ। ਮੌਖਿਕ ਰੂਪ ਵਿੱਚ ਇਹ ਪੀੜ੍ਹੀਓ ਪੀੜ੍ਹੀ ਸਾਡੇ ਤੀਕ ਪੁੱਜਦੀਆਂ ਹਨ। ਜਿੱਥੋਂ ਤਕ ਲਿਖਤੀ ਸਾਹਿਤ ਵਿੱਚ ਬੁਝਾਰਤਾਂ ਪਾਉਣ ਦੀ ਪਰੰਪਰਾ ਦਾ ਸਵਾਲ ਹੈ ਤਾਂ ਵੈਦਿਕ ਕਾਲ ਵਿੱਚ ਇਹ ਪਰੰਪਰਾ ਵਿਖਾਈ ਦਿੰਦੀ ਹੈ। ਰਿਗਵੇਦ ਵਿੱਚ ਆਤਮਾ ਪਰਮਾਤਮਾ ਦੇ ਸਰੂਪ ਸਬੰਧੀ ਵਿਸ਼ਲੇਸ਼ਣ ਕਰਨ ਵਾਲੇ ਰੂਪਆਤਮਕ ਢੰਗ ਨਾਲ ਆਏ ਮੰਤਰ ਬੁਝਾਰਤ ਨਾਲੋਂ ਘੱਟ ਕੌਤਕ ਪੂਰਨ ਨਹੀਂ। ਪੰਜਾਬੀ ਦੇ ਲਿਖਤੀ ਸਾਹਿਤ ਵਿੱਚ ਬੁਝਾਰਤਾਂ ਦਾ ਸਭ ਤੋਂ ਪੁਰਾਣਾ ਜ਼ਿਕਰ ਸ਼ਾਇਦ ਗੁਰੂ ਗ੍ਰੰਥ ਸਾਹਿਬ ਵਿੱਚ ਮਿਲਦਾ ਹੈ।

ਬਾਈਬਲ ਵਿੱਚ ਵੀ ਬੁਝਾਰਤਾਂ ਪਾਉਣ ਦਾ ਵਰਣਨ ਆਉਂਦਾ ਹੈ। ਪੁਰਾਣੇ ਕਬੀਲਿਆਂ ਵਿੱਚ ਹੁਣ ਤਕ ਬੁਝਾਰਤਾਂ ਪਾਉਣ ਦਾ ਰਿਵਾਜ ਚੱਲਿਆ ਆ ਰਿਹਾ ਹੈ। ਭਾਰਤ ਦੇ ਆਦਿਵਾਸੀ ਕਬੀਲਿਆਂ ਵਿੱਚੋਂ ਗੋਂਡ, ਪਰਧਾਨ ਤੇ ਬ੍ਰਿਹੋਰ ਜਾਤੀਆਂ ਦੇ ਵਿਆਹਾਂ ਸਮੇਂ ਲਾੜੇ ਪਾਸੋਂ ਬੁਝਾਰਤ ਪੁੱਛਣੀ ਇੱਕ ਲਾਜ਼ਮੀ ਰਸਮ ਹੈ। ਪੰਜਾਬ ਵਿੱਚ ਵੀ ਵਿਆਹ ਸਮੇਂ ਲਾੜੇ ਦੀਆਂ ਸਾਲੀਆਂ ਉਸ ਪਾਸੋਂ 'ਛੰਦ ਪਰਾਗੇ ਆਈਏ ਜਾਈਏ' ਦੀ ਰਸਮ ਸਮੇਂ ਛੰਦ ਸੁਣ ਕੇ ਹਾਸੇ ਠੱਠ ਦਾ ਮਾਹੌਲ ਸਿਰਜਦੀਆਂ ਹਨ।

ਪੁਰਾਤਨ ਸਮੇਂ ਤੋਂ ਹੀ ਬੁਝਾਰਤਾਂ ਕਿਸੇ ਗੰਭੀਰ ਉਦੇਸ਼ ਦੀ ਪੂਰਤੀ ਕਰਦੀਆਂ ਰਹੀਆਂ ਹਨ। ਬੁਝਾਰਤਾਂ ਬੁੱਝਣ ਦਾ ਮਕਸਦ ਬੁੱਝਣ ਵਾਲੇ ਦੀ ਬੁੱਧੀ ਦੀ ਪ੍ਰੀਖਿਆ ਲੈਣਾ ਹੈ। ਪੰਜਾਬ ਦੀਆਂ ਅਨੇਕਾਂ ਲੋਕ ਕਹਾਣੀਆਂ ਵਿੱਚ ਸ਼ਹਿਜ਼ਾਦੀਆਂ ਰਾਜਕੁਮਾਰਾਂ ਪਾਸੋਂ ਉਨ੍ਹਾਂ ਦੀ ਬੁੱਧੀ ਪ੍ਰੀਖਿਆ ਲੈਣ ਲਈ ਬੁਝਾਰਤਾਂ ਪੁੱਛਦੀਆਂ ਹਨ ਤੇ ਜਿਹੜਾ ਬੁੱਝ ਲਵੇ ਉਹਦੇ ਨਾਲ ਵਿਆਹ ਕਰਵਾ ਲੈਂਦੀਆਂ ਹਨ ਅਤੇ ਜੋ ਨਾ ਬੁੱਝ ਸਕੇ ਤਾਂ ਉਸ ਨੂੰ ਮੌਤ ਤਕ ਦੀ ਸਜ਼ਾ ਦਿੱਤੀ ਜਾਂਦੀ ਹੈ। ਪੰਜਾਬੀ ਬੁਝਾਰਤਾਂ ਪੰਜਾਬੀ ਲੋਕ ਸਾਹਿਤ ਦਾ ਵਿਸ਼ੇਸ਼ ਅਤੇ ਮਹੱਤਵਪੂਰਨ ਅੰਗ ਹਨ। ਪੰਜਾਬ ਦੇ ਲੋਕ ਬੁਝਾਰਤਾਂ ਪਾ ਕੇ ਅਤੇ ਬੁੱਝ ਕੇ ਸਦਾ ਹੀ ਆਨੰਦ ਮਾਣਦੇ ਰਹੇ ਹਨ। ਬੁਝਾਰਤਾਂ ਨੂੰ ਬੁੱਝਣ ਵਾਲੀਆਂ ਬਾਤਾਂ ਵੀ ਕਿਹਾ ਜਾਂਦਾ ਹੈ। ਕੇਵਲ ਬਾਲਕ ਹੀ ਬਾਤਾਂ ਪਾਉਣ ਅਤੇ ਬੁੱਝਣ ਦੀ ਖ਼ੁਸ਼ੀ ਹਾਸਲ ਨਹੀਂ ਸੀ ਕਰਦੇ ਬਲਕਿ ਸਿਆਣੇ ਵੀ ਇਨ੍ਹਾਂ ਵਿੱਚ ਦਿਲਚਸਪੀ ਲੈਂਦੇ ਰਹੇ ਹਨ। ਇਹ ਨਿਆਣਿਆਂ ਸਿਆਣਿਆਂ ਦੇ ਬੁੱਧੀ ਸੰਗ੍ਰਾਮ ਦਾ ਸਾਂਝਾ ਅਖਾੜਾ ਰਹੀਆਂ ਹਨ ਜਿਸ ਵਿੱਚ ਵੱਡੇ-ਵੱਡੇ ਸਿਆਣਿਆਂ ਨੂੰ ਵੀ ਮਿੱਠੀਆਂ ਹਾਰਾਂ ਝੱਲਣੀਆਂ ਪੈਂਦੀਆਂ ਸਨ।

ਪੰਜਾਬੀ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਬੁਝਾਰਤਾਂ ਮਿਲਦੀਆਂ ਹਨ। ਇਨ੍ਹਾਂ ਵਿੱਚ ਪੰਜਾਬ ਦਾ ਲੋਕ ਜੀਵਨ ਸਾਫ਼ ਨਜ਼ਰ ਆਉਂਦਾ ਹੈ। ਇਹ ਪੰਜਾਬੀ ਸਭਿਆਚਾਰ ਦਾ ਦਰਪਣ ਹਨ। ਇਹ ਐਨੀਆਂ ਸੁਹਜ ਭਰਪੂਰ, ਅਦਭੁੱਤ, ਰਸੀਲੀਆਂ ਅਤੇ ਵੰਨ ਸੁਵੰਨੀਆਂ ਹਨ ਕਿ ਸ਼ਾਇਦ ਹੀ ਕੋਈ ਅਜਿਹਾ ਵਿਸ਼ਾ ਹੋਵੇ ਜਿਸ ਬਾਰੇ ਪੰਜਾਬੀ ਵਿੱਚ ਬੁਝਾਰਤਾਂ ਨਾ ਹੋਣ। ਮਨੁੱਖੀ ਸਰੀਰ ਦੇ ਅੰਗਾਂ, ਪ੍ਰਕਿਰਤੀ, ਬਨਸਪਤੀ, ਜੀਵ ਜੰਤੂਆਂ, ਘਰੇਲੂ ਵਸਤਾਂ, ਭਿੰਨ-ਭਿੰਨ ਧੰਦਿਆਂ ਨਾਲ ਸਬੰਧਤ, ਸੰਦਾਂ ਅਤੇ ਵਿਗਿਆਨਕ ਕਾਢਾਂ ਬਾਰੇ ਬੜੀਆਂ ਪਿਆਰੀਆਂ ਤੇ ਸੁਹਜ ਭਰਪੂਰ ਬੁਝਾਰਤਾਂ ਪਾਈਆਂ ਜਾਂਦੀਆਂ ਹਨ। ਪੰਜਾਬੀ ਬੁਝਾਰਤਾਂ ਸਾਹਿਤ, ਇਤਿਹਾਸ, ਸਮਾਜ ਵਿਗਿਆਨ, ਮਾਨਵ ਵਿਗਿਆਨ ਅਤੇ ਭਾਸ਼ਾ ਵਿਗਿਆਨ ਦੀ ਦ੍ਰਿਸ਼ਟੀ ਤੋਂ ਵਿਸ਼ੇਸ਼ ਮਹੱਤਵ ਰੱਖਦੀਆਂ ਹਨ। ਇਨ੍ਹਾਂ ਵਿੱਚ ਸਦੀਆਂ ਪੁਰਾਣੇ ਪੰਜਾਬ ਦੇ ਇਤਿਹਾਸਕ ਅਤੇ ਸਭਿਆਚਾਰਕ ਤੱਤ ਸਮੋਏ ਹੋਏ ਹਨ। ਵਿਗਿਆਨ ਦੀ ਪ੍ਰਗਤੀ ਦੇ ਕਾਰਨ ਮਨੋਰੰਜਨ ਦੇ ਸਾਧਨ ਤਬਦੀਲ ਹੋ ਗਏ ਹਨ। ਬਿਜਲਈ ਉਪਕਰਨਾਂ ਨੇ ਤਾਂ ਇਸ ਖੇਤਰ ਵਿੱਚ ਬਹੁਤ ਪ੍ਰਭਾਵ ਪਾਇਆ ਹੈ। ਰੇਡੀਓ, ਟੈਲੀਵਿਜ਼ਨ, ਮੋਬਾਈਲ ਅਤੇ ਕੇਬਲ ਕਲਚਰ ਨੇ ਸਮੂਹਿਕ ਤੌਰ 'ਤੇ ਮਾਣੇ ਜਾਂਦੇ ਮਨੋਰੰਜਨ ਦੇ ਸਾਧਨ ਕਿਸੇ ਹੱਦ ਤਕ ਸਮਾਪਤ ਹੀ ਕਰ ਦਿੱਤੇ ਹਨ ਜਿਸ ਕਾਰਨ ਬੁਝਾਰਤਾਂ ਪਾਉਣ ਅਤੇ ਬੁੱਝਣ ਦੀ ਪਰੰਪਰਾ ਖ਼ਤਮ ਹੋ ਰਹੀ ਹੈ। ਇਸ ਲਈ ਇਨ੍ਹਾਂ ਨੂੰ ਸਾਂਭਣ ਦੀ ਅਤਿਅੰਤ ਲੋੜ ਹੈ। ਇਹ ਸਾਡੀ ਵਿਰਾਸਤ ਦਾ ਵਡਮੁੱਲਾ ਸਰਮਾਇਆ ਹਨ।

# ਬਿਪਿਨ ਰਾਵਤ ਦਾ ਹੈਲੀਕਾਪਟਰ ਹਾਦਸੇ ਵਿਚ ਦੇਹਾਂਤ

## ਮੈਂ ਆਪਣੇ ਅੱਖੀਂ ਇੱਕ ਬੰਦੇ ਨੂੰ ਅੱਗ ਵਿਚ ਸੜਦੇ ਤੇ ਜ਼ਮੀਨ ਉੱਤੇ ਡਿੱਗਦੇ ਦੇਖਿਆ

ਕ੍ਰਿਸ਼ਨਾਸਵਾਮੀ ਖੇਤ ਮਜ਼ਦੂਰ ਹੈ ਅਤੇ ਕੂੰਨੂਰ ਦੇ ਨਜੱਪਾਸੀਥਾਰਾਮ ਦਾ ਰਹਿਣ ਵਾਲਾ ਹੈ।

ਕ੍ਰਿਸ਼ਨਸਵਾਮੀ ਨੇ ਅੱਗੇ ਦੱਸਿਆ, @@ਚਾਰੇ ਪਾਸੇ ਧੂੰਆਂ ਫੈਲ ਰਿਹਾ ਸੀ, ਇਸ ਵੇਲੇ ਧੁੰਦ ਵੀ ਸੀ। ਅਸੀਂ ਦੇਖਿਆਂ ਕਿ ਅੱਗ ਦੀਆਂ ਲਪਟਾਂ ਰੁੱਖਾਂ ਤੋਂ ਉੱਤੋਂ ਦਿਖਾਈ ਦੇ ਰਹੀਆਂ ਸਨ।@@

ਫੇਰ ਮੈਂ ਇੱਕ ਆਦਮੀ ਨੂੰ ਆਪਣੀਆਂ ਅੱਖਾਂ ਨਾਲ ਅੱਗ ਵਿਚ ਝੁਲਸਦੇ ਦੇਖਿਆ। ਉਹ ਸੜਦਾ ਹੋਇਆ ਜ਼ਮੀਨ ਉੱਤੇ ਡਿੱਗ ਪਿਆ। ਮੈਂ ਡਰ ਗਿਆ ਸੀ।@@

ਮੈਂ ਵਾਪਸ ਭੱਜਿਆਂ ਆਇਆ ਅਤੇ ਲੋਕਾਂ ਨੂੰ ਪੁਲਿਸ ਤੇ ਫਾਇਰ ਬ੍ਰਿਗੇਡ ਨੂੰ ਬੁਲਾਉਣ ਲਈ ਕਿਹਾ।

ਕੁਝ ਹੀ ਦੇਰ ਬਾਅਦ ਅਧਿਕਾਰੀ ਵੀ ਆ ਗਏ, ਉਸ ਤੋਂ ਬਾਅਦ ਮੈਂ ਕੋਈ ਲਾਸ਼ ਲਿਜਾਂਉਦੇ ਹੋਏ ਨਹੀਂ ਦੇਖਿਆ। ਮੈਂ ਸਹਿਮ ਗਿਆ ਸੀ ਅਤੇ ਘਰ ਆਕੇ ਪੈ ਗਿਆ।

ਜਨਰਲ ਬਿਪਿਨ ਰਾਵਤ ਦੀ ਹੈਲੀਕਾਪਟਰ ਕਰੈਸ਼ ? ਹੁਣ ਤੱਕ ਕੀ-ਕੀ ਹੋਇਆ

ਤਾਮਿਲਨਾਡੂ ਦੇ ਜ਼ਿਲ੍ਹਾ ਨੀਲਗਿਰੀ ਵਿੱਚ ਵੈਲਿੰਗਟਨ ਨੇੜੇ ਹੈਲੀਕਾਪਟਰ ਹੋਇਆ ਹਾਦਸੇ ਦਾ ਸ਼ਿਕਾਰ

ਰਿਪੋਰਟਾਂ ਮੁਤਾਬਕ ਹਾਦਸਾ ਸਵੇਰੇ 11-11.30 ਵਜੇ ਦੇ ਕਰੀਬ ਹੋਇਆ

ਹੈਲੀਕਾਪਟਰ @ਚ ਸੀਡੀਐੱਸ ਜਨਰਲ ਬਿਪਿਨ ਰਾਵਤ, ਉਨ੍ਹਾਂ ਦੀ ਪਤਨੀ ਅਤੇ ਫੌਜ ਦੇ ਹੋਰ ਅਧਿਕਾਰੀਆਂ ਸਣੇ 14 ਲੋਕ ਸਵਾਰ ਸਨ

ਭਾਰਤੀ ਹਵਾਈ ਫ਼ੌਜ ਮੁਤਾਬਕ ਇਹ ਐਮਆਈ-17ਵੀ5 ਹੈਲੀਕਾਪਟਰ ਸੀ

ਹੁਣ ਤੱਕ 5 ਮੌਤਾਂ ਦੀ ਜਾਣਕਾਰੀ ਮਿਲੀ ਹੈ ਅਤੇ 3 ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ

ਹਾਦਸਾ ਕੂੰਨੂਰ ਵੈਂਮਪਾਇਰ ਪਾਰਕ ਨੇੜੇ ਵਾਪਰਿਆ

ਰੱਖਿਆ ਮੰਤਰੀ ਰਾਜਨਾਥ ਸਿੰਘ ਜਨਰਲ ਬਿਪਿਨ ਰਾਵਤ ਦੇ ਘਰ ਜਾ ਕੇ ਆਏ ਹਨ

ਖ਼ਬਰ ਏਜੰਸੀ ਏਐੱਨਆਈ ਮੁਤਾਬਕ ਹਾਦਸੇ ਬਾਰੇ ਸਰਕਾਰ ਕੱਲ੍ਹ (ਵੀਰਵਾਰ) ਬਿਆਨ ਦੇ ਸਕਦੀ ਹੈ

ਬ੍ਰਿਗੇਡੀਅਰ ਐਲਐਸ ਲਿੱਦਰ, ਲੈਫ਼ਟੀਨੈਂਟ ਕਰਨਲ ਹਰਜਿੰਦਰ ਸਿੰਘ, ਨਾਇਕ ਗੁਰਸੇਵਕ ਸਿੰਘ, ਨਾਇਕ ਜਤਿੰਦਰ, ਲਾਂਸ ਨਾਇਕ ਵਿਵੇਕ ਕੁਮਾਰ, ਲਾਂਸ ਨਾਇਕ ਬੀ ਸਾਈਂ ਤੇਜਾ ਅਤੇ ਹਵਲਦਾਰ ਸੱਤਪਾਲ ਵੀ ਹੈਲੀਕਾਪਟਰ ਵਿਚ ਸਵਾਰ ਸਨ।



ਬੀਬੀਸੀ

ਘਟਨਾ ਸਥਾਨ ਉੱਤੇ ਪੁੱਜੇ ਤਾਮਿਲਨਾਡੂ ਦੇ ਜੰਗਲਾਤ ਮੰਤਰੀ ਮੁਤਾਬਕ ਇਸ ਹੈਲੀਕਾਪਟਰ ਵਿਚ 14 ਜਣੇ ਸਵਾਰ ਸਨ, ਜਿਨ੍ਹਾਂ ਵਿਚ ਫੌਜ ਦੇ ਕਈ ਸੀਨੀਅਰ ਅਧਿਕਾਰੀ ਸ਼ਾਮਲ ਸਨ।

ਤਾਮਿਲਨਾਡੂ ਦੇ ਜੰਗਲਾਤ ਮੰਤਰੀ ਕੇ ਰਾਮਚੰਦਰਨ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ, @@ਹੈਲੀਕਾਪਟਰ ਵਿੱਚ 14 ਲੋਕ ਸਵਾਰ ਸਨ, ਜਿਨ੍ਹਾਂ ਵਿੱਚੋਂ ਪੰਜ ਦੀ ਮੌਤ ਹੋ ਗਈ ਹੈ। ਦੋ ਹੋਰ ਲੋਕਾਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ।

ਜਨਰਲ ਬਿਪਿਨ ਰਾਵਤ ਭਾਰਤੀ ਥਲ ਸੈਨਾ ਦੇ ਸਾਬਕਾ ਮੁਖੀ ਹਨ। ਉਨ੍ਹਾਂ ਨੂੰ ਜਨਵਰੀ 2020 ਦੇਸ਼ ਦਾ ਪਹਿਲਾਂ ਚੀਫ਼ ਆਫ਼ ਡਿਫ਼ੈਸ ਸਟਾਫ਼ ਬਣਾਇਆ ਗਿਆ ਸੀ।

ਇਸ ਤੋਂ ਪਹਿਲਾਂ ਭਾਰਤ ਦੇ ਸਰਕਾਰੀ ਮੀਡੀਆ ਅਦਾਰੇ ਡੀਡੀ ਨਿਊਜ਼ ਨੇ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਸੀ ਕਿ ਹਾਦਸੇ ਵਾਲੀ ਥਾਂ ਤੋਂ ਚਾਰ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ । ਤਿੰਨ ਜ਼ਖਮੀਆਂ ਨੂੰ ਵੀ ਹਸਪਤਾਲ ਲਿਜਾਇਆ ਗਿਆ ਹੈ।

ਆਲ ਇੰਡੀਆ ਰੇਡੀਓ (ਏਆਈਆਰ) ਨੇ ਜਾਣਕਾਰੀ ਦਿੱਤੀ ਹੈ ਕਿ ਰੱਖਿਆ ਮੰਤਰੀ ਰਾਜਨਾਥ ਸਿੰਘ ਸੰਸਦ ਵਿੱਚ ਇਸ ਹਾਦਸੇ ਬਾਰੇ ਜਾਣਕਾਰੀ ਦੇਣਗੇ । ਏਆਈਆਰ ਨੇ ਇਹ ਵੀ ਦੱਸਿਆ ਕਿ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਹਵਾਈ ਸੈਨਾ ਦੇ ਮੁਖੀ ਵੀਆਰ ਚੌਧਰੀ ਨੂੰ ਹਾਦਸੇ ਵਾਲੀ ਥਾਂ @ਤੇ ਪਹੁੰਚਣ ਲਈ ਕਿਹਾ ਹੈ।

ਸੰਸਦ ਜਾਣ ਤੋਂ ਪਹਿਲਾਂ ਉਹ ਦਿੱਲੀ ਵਿਚਲੇ ਬਿਪਿਨ ਰਾਵਤ ਦੇ ਘਰ ਵੀ ਗਏ।

ਸਲਾਮਤੀ ਲਈ ਅਰਦਾਸਾਂ

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੀਡੀਐੱਸ ਬਿਪਿਨ ਰਾਵਤ ਅਤੇ ਉਨ੍ਹਾਂ ਦੀ ਪਤਨੀ ਨੂੰ ਲੈ ਕੇ ਜਾ ਰਹੇ ਹੈਲੀਕਾਪਟਰ ਦੇ ਹਾਦਸੇ ਦਾ ਸ਼ਿਕਾਰ ਹੋ ਜਾਣ ਤੇ ਦੁੱਖ ਦਾ ਪ੍ਰਗਟਵਾ ਕੀਤਾ ਹੈ ਅਤੇ ਸਾਰਿਆਂ ਦੇ ਸੁਰੱਖਿਅਤ ਹੋਣ ਦੀ ਅਰਦਾਸ ਕੀਤੀ ਹੈ।

ਕੌਣ ਹਨ ਬਿਪਿਨ ਰਾਵਤ

ਜਨਰਲ ਬਿਪਿਨ ਰਾਵਤ ਸੈਂਟ ਐਡਵਰਡਸ ਸਕੂਲ ਸ਼ਿਮਲਾ ਅਤੇ ਨੈਸ਼ਨਲ ਡਿਫੈਂਸ ਅਕਾਦਮੀ ਦੇ ਸਾਬਕਾ ਵਿਦਿਆਰਥੀ ਹਨ।

ਉਨ੍ਹਾਂ ਨੇ ਦਸੰਬਰ 1978 ਵਿੱਚ, ਦੇਹਰਾਦੂਨ ਦੇ ਇੰਡੀਅਨ ਆਰਮੀ ਟ੍ਰੇਨਿੰਗ ਸੈਂਟਰ ਤੋਂ ਗਿਆਰਵੀ ਗੋਰਖਾ ਰਾਈਫਲ ਦੀ ਪੰਜਵੀਂ ਰੈਜੀਮੈਂਟ ਜੁਆਇਨ ਕੀਤੀ ਅਤੇ ਰੇਜੀਮੈਂਟ ਦੀ ਕਮਾਨ ਉਨ੍ਹਾਂ ਦੇ ਪਿਤਾ ਨੇ ਸਾਂਭੀ ਸੀ।

ਇੰਡੀਅਨ ਮਿਲਟਰੀ ਅਕਾਦਮੀ ਦੇਹਰਾਦੂਨ ਤੋਂ ਗ੍ਰੇਜੂਏਟ ਦੀ ਪੜ੍ਹਾਈ ਦੌਰਾਨ ਉਨ੍ਹਾਂ ਨੂੰ @ਸਵਾਰਡ ਆਫ ਆਨਰ@ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਜਨਰਲ 31 ਦਸੰਬਰ 2016 ਤੋਂ 31 ਦਸੰਬਰ 2019 ਤੱਕ ਥਲ ਸੈਨਾ ਦੇ ਮੁਖੀ ਰਹੇ।

ਚੌਧਰੀ ਚਰਨ ਸਿੰਘ ਯੂਨੀਵਰਸਿਟੀ, ਮੇਰਠ ਵੱਲੋਂ ਜਨਰਲ ਰਾਵਤ ਨੂੰ @ਮਿਲਟਰੀ ਮੀਡੀਆ ਸਟ੍ਰੈਟੇਜਿਕ ਸਟੱਡੀਜ@ @ਤੇ ਉਨ੍ਹਾਂ ਦੇ ਖੋਜ ਕਾਰਜ ਲਈ @ਡਾਕਟਰੈਟ ਆਫ ਫਿਲਾਸਫੀ@ (ਪੀਐੱਚਡੀ) ਨਾਲ ਸਨਮਾਨਿਤ ਕੀਤਾ ਗਿਆ।

ਜਨਰਲ ਬਿਪਿਨ ਰਾਵਤ ਨੂੰ ਆਪਣੇ 42 ਸਾਲਾਂ ਤੋਂ ਵੱਧ ਸਮੇਂ ਦੇ ਸੇਵਾ ਕਰੀਅਰ ਦੌਰਾਨ ਨਿਭਾਈਆਂ ਗਈਆਂ ਵਿਲੱਖਣ ਸੇਵਾਵਾਂ ਅਤੇ ਬਹਾਦਰੀ ਲਈ ਕਈ ਰਾਸ਼ਟਰਪਤੀ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ ਹੈ।

ਜਿਸ ਵਿੱਚ PVSM, UYSM, AVSM, YSM, SM Áå¶ VSM ਸ਼ਾਮਲ ਹਨ।

ਜਨਰਲ ਬਿਪਿਨ ਰਾਵਤ ਨੂੰ 31 ਦਸੰਬਰ 2019 ਨੂੰ ਭਾਰਤ ਦਾ ਪਹਿਲਾ ਚੀਫ਼ ਆਫ਼ ਡਿਫੈਂਸ ਸਟਾਫ਼ ਨਿਯੁਕਤ ਕੀਤਾ ਗਿਆ ਸੀ।








# ਕਿਉਂ ਪੈਦਾ ਹੁੰਦਾ ਹੈ ਤਣਾਅ ?

ਅੱਜ ਦੇ ਆਧੁਨਿਕ ਸੰਸਾਰ ਵਿੱਚ ਸਾਡੀ ਕੁਦਰਤੀ ਤਣਾਅ ਸੰਚਾਰ ਪ੍ਰਣਾਲੀ ਲਗਪਗ ਖ਼ੁਸ਼ਕ ਹੁੰਦੀ ਜਾ ਰਹੀ ਹੈ। ਇਹ ਸਿਸਟਮ ਅਜਿਹੇ ਸਾਰੇ ਕਾਰਨ ਪੈਦਾ ਕਰ ਰਿਹਾ ਹੈ, ਜੋ ਸਾਡੇ ਲਈ ਕਈ ਜਾਨਲੇਵਾ ਬੀਮਾਰੀਆਂ ਪੈਦਾ ਕਰਦੇ ਹਨ। ਤਣਾਅ ਸੰਚਾਰ ਦੀ ਇਸ ਹਾਲਤ ਨੂੰ 'ਕਰੋਨਿਕ ਕੈਟਾਬੋਲਿਜ਼ਮ' ਦਾ ਨਾਂ ਦਿੱਤਾ ਗਿਆ ਹੈ। ਇਹ ਸਾਡਾ ਲੁਕਵਾਂ ਦੁਸ਼ਮਣ ਹੈ। ਅੱਜ ਹਰ ਵਿਅਕਤੀ ਕਿਸੇ ਨਾ ਕਿਸੇ ਤਰ੍ਹਾਂ ਦੇ ਤਣਾਅ ਦਾ ਸ਼ਿਕਾਰ ਹੈ। ਮੁੱਖ ਤੌਰ 'ਤੇ ਤਣਾਅ ਨੂੰ ਚਾਰ ਕਿਸਮਾਂ ਵਿੱਚ ਵੰਡਿਆ ਗਿਆ ਹੈ:

- ਸਰੀਰਕ ਤਣਾਅ
- ਮਾਨਸਿਕ ਤਣਾਅ
- ਪ੍ਰਦੂਸ਼ਣ ਕਾਰਨ ਹੋਣ ਵਾਲਾ ਤਣਾਅ
- ਆਕਸੀਡੇਟਿਵ ਤਣਾਅ।

ਤਣਾਅ ਦੇ ਕਈ ਕਾਰਨ ਹੋ ਸਕਦੇ ਹਨ, ਜਿਵੇਂ ਕੰਮ ਕਰਨ ਦੀ ਥਾਂ, ਆਮਦਨ ਅਤੇ ਪਰਿਵਾਰਕ ਮਸਲੇ ਜਾਂ ਨਿੱਜੀ ਸਬੰਧ। ਸਰੀਰਕ ਅਤੇ ਮਾਨਸਿਕ ਤਣਾਅ ਹਾਰਮੋਨ ਅਸੰਤੁਲਨ ਪੈਦਾ ਕਰ ਕੇ ਕਈ ਤਰ੍ਹਾਂ ਦੀਆਂ ਬੀਮਾਰੀਆਂ ਨੂੰ ਜਨਮ ਦਿੰਦਾ ਹੈ, ਜਿਵੇਂ ਦਿਲ ਦੀ ਧੜਕਣ ਦਾ ਵਧਣਾ, ਨਬਜ਼ ਤੇ ਸਾਹ ਦੀ ਗਤੀ ਵਧਣਾ, ਪਾਚਨ ਸ਼ਕਤੀ ਦਾ ਘਟ ਜਾਣਾ, ਨੀਂਦ ਘੱਟ ਆਉਣਾ, ਖ਼ੂਨ ਦੇ ਦਬਾਅ ਦਾ ਵਧਣਾ, ਪੱਠਿਆਂ ਦਾ ਤਣਾਅ, ਸਿਰਦਰਦ, ਨਿਪੁੰਸਕਤਾ, ਬਾਂਝਪਣ, ਵਿਚਾਰਾਂ ਵਿੱਚ ਤਬਦੀਲੀ ਆਉਣਾ, ਸੁਭਾਅ ਦਾ ਚਿੜਚਿੜਾ ਹੋ ਜਾਣਾ ਤੇ ਗੁੱਸਾ ਆਉਣਾ।

ਇਸ ਤੋਂ ਇਲਾਵਾ ਕਈ ਹੋਰ ਰੋਗ ਜਿਵੇਂ ਡਿਪਰੈਸ਼ਨ, ਥਕਾਵਟ, ਉਦਾਸੀ, ਕ੍ਰੋਧ, ਬੇਅਰਾਮੀ, ਯਾਦਦਾਸ਼ਤ ਘੱਟ ਹੋ ਜਾਣਾ ਅਤੇ ਇਕਾਗਰਤਾ ਦੀ ਕਮੀ ਵੇਖਣ ਵਿੱਚ ਆਉਂਦੇ ਹਨ। ਤਣਾਅ ਲਈ ਸਾਡੀ ਆਧੁਨਿਕ ਜੀਵਨ ਸ਼ੈਲੀ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਤਣਾਅ ਦੀ ਸਥਿਤੀ ਵਿੱਚ 'ਕਾਰਟੀਸੋਲ' ਹਾਰਮੋਨ ਪੈਦਾ ਹੁੰਦਾ ਹੈ ਜੋ ਸਾਡੇ ਪਾਚਨ ਤੰਤਰ ਨੂੰ ਨੁਕਸਾਨ ਪਹੁੰਚਾਉਂਦਾ ਹੈ।

ਤਣਾਅ ਦੌਰਾਨ ਸਾਡੇ ਸਰੀਰ ਵਿੱਚ ਪੌਸ਼ਕ ਤੱਤਾਂ ਦੀ ਕਮੀ ਹੋ ਜਾਂਦੀ ਹੈ, ਇਸ ਲਈ ਅਜਿਹੀ ਸਥਿਤੀ ਵਿੱਚ ਸਾਨੂੰ ਜ਼ਰੂਰੀ ਪੌਸ਼ਕ ਤੱਤਾਂ ਵਾਲੀ ਖ਼ੁਰਾਕ ਲੈਣੀ ਚਾਹੀਦੀ ਹੈ। ਇਨ੍ਹਾਂ ਪੌਸ਼ਕ ਤੱਤਾਂ ਵਿੱਚ ਅਮੀਨੋ ਐਸਿਡ, ਚਰਬੀ ਅਤੇ ਜ਼ਿੰਕ, ਕਰੋਮੀਅਮ, ਫਾਸਫੋਰਸ ਅਤੇ ਕੈਲਸ਼ੀਅਮ ਆਦਿ ਸ਼ਾਮਲ ਹਨ ਜੋ ਹਰ ਤਰ੍ਹਾਂ ਦੇ ਹਾਰਮੋਨ ਬਣਨ ਲਈ ਜ਼ਿੰਮੇਵਾਰ ਹਨ।

ਜੜ੍ਹੀ ਬੂਟੀ ਚਿਕਿਤਸਾ ਵਿੱਚ ਤਣਾਅ ਘੱਟ ਕਰਨ ਲਈ ਕਈ ਜੜ੍ਹੀ-ਬੂਟੀਆਂ ਦਾ ਜ਼ਿਕਰ ਕੀਤਾ ਮਿਲਦਾ ਹੈ, ਜਿਵੇਂ ਅਸ਼ਵਗੰਧਾ, ਬ੍ਰਾਹਮੀ, ਜਟਾਮਾਂਸੀ, ਤੁਲਸੀ, ਚਮੇਲੀ ਅਤੇ ਵਰਵੇਨ।

× ਤਣਾਅ ਘੱਟ ਕਰਨ ਵਾਲੇ ਪਦਾਰਥ

ਅਖਰੋਟ, ਬਾਦਾਮ, ਸੂਰਜਮੁਖੀ ਦੇ ਬੀਜ, ਮੂੰਗਫਲੀ, ਅਲਸੀ ਦੇ ਬੀਜ, ਗਾਂ ਦਾ ਦੁੱਧ ਤੇ ਮੱਖਣ, ਮੂੰਗ, ਲੋਬੀਆ, ਟੋਫੂ, ਪਿਸਤਾ, ਐਵੋਕੇਡੋ, ਸ਼ੱਕਰਕੰਦੀ, ਸੰਗਤਰਾ, ਸੁੱਕੀ ਖੁਰਮਾਨੀ, ਸੈਲਮਨ ਮੱਛੀ, ਗਰੀਨ ਚਾਹ, ਗੈਨੋ ਟੀ, ਕੰਪਲੈਕਸ ਕਾਰਬੋਹਾਈਡ੍ਰੇਟਸ, ਕਾਲੀ ਚਾਕਲੇਟ, ਬਰੋਕਲੀ, ਚੁਕੰਦਰ, ਕਾਜੂ, ਦੁੱਧ, ਬਰਾਊਨ ਚਾਵਲ ਤੇ ਹਰੇ ਪੱਤੇ ਵਾਲੀਆਂ ਸਬਜ਼ੀਆਂ। 'ਕਰੋਨਿਕ ਕੈਟਾਬੋਲਿਜਮ' ਆਧੁਨਿਕ ਤਣਾਅ ਦਾ ਮੁੱਖ ਕਾਰਨ ਹੈ, ਜੋ ਸਾਹਮਣੇ ਨਹੀਂ ਆਉਂਦਾ। ਆਓ, ਇਸ ਤੋਂ ਛੁਟਕਾਰਾ ਪਾ ਕੇ ਤਣਾਅਮੁਕਤ ਜ਼ਿੰਦਗੀ ਜਿਉਣ ਲਈ ਕੁੱਝ ਤਰੀਕਿਆਂ ਬਾਰੇ ਜਾਣੀਏ:

× ਊਰਜਾਯੁਕਤ ਭੋਜਨ

ਅੱਜਕੱਲ੍ਹ ਦੇ ਸਟਾਰਚ ਅਤੇ ਕਾਰਬੋਹਾਈਡ੍ਰੇਟ ਵਾਲੇ ਭੋਜਨ ਪਦਾਰਥਾਂ ਵਿੱਚ ਪੌਸ਼ਕ ਤੱਤਾਂ ਅਤੇ ਸ਼ਕਤੀ ਦੀ ਘਾਟ ਹੈ। 'ਫੈਟ ਫਰੀ' ਦੇ ਨਾਂ 'ਤੇ ਵਿਕਦੇ ਪਦਾਰਥਾਂ ਵਿੱਚ ਪਾਈ ਜਾਣ ਵਾਲੀ ਰਿਫਾਇੰਡ ਸ਼ੂਗਰ ਹੋਰ ਵੀ ਘਾਤਕ ਸਿੱਧ ਹੋ ਰਹੀ ਹੈ। ਇਹ ਸ਼ੂਗਰ ਐਡਰੀਨਲ ਗਲੈਂਡ ਨੂੰ ਗ਼ੈਰ-ਕੁਦਰਤੀ ਤਰੀਕੇ ਨਾਲ ਉਤੇਜਿਤ ਕਰਦੀ ਹੈ ਜੋ ਉਸ ਹਾਰਮੋਨ ਦੇ ਰਿਸਾਅ ਨੂੰ ਵਧਾਉਂਦੀ ਹੈ, ਜੋ ਪਹਿਲੇ ਪੜਾਅ 'ਤੇ ਸਮੱਸਿਆ ਪੈਦਾ ਕਰਦਾ ਹੈ। ਜ਼ਰੂਰੀ ਊਰਜਾ ਲਈ ਵਧੀਆ ਕਿਸਮ ਦਾ ਪ੍ਰੋਟੀਨ ਲੈਣਾ ਚਾਹੀਦਾ ਹੈ, ਜੋ ਅਨਾਜ ਦੀ ਬਜਾਏ ਪਸ਼ੂਆਂ ਦੇ ਮਾਸ, ਸਪੀਰੂਲੀਨਾ, ਫ਼ਲ ਤੇ ਸਬਜ਼ੀਆਂ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

ਵਧੀਆ ਚਰਬੀ ਲਈ ਖਾਣ ਵਾਲੇ ਬੀਜ, ਜੈਤੂਨ ਤੇਲ ਤੇ ਕੌਰਡ ਲੀਵਰ ਆਇਲ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਬਹੁਤ ਘੱਟ ਮਾਤਰਾ ਵਿੱਚ ਮਿਲਦੇ ਕੌਰਪਿਕ ਅਤੇ ਲੌਰਿਕ ਐਸਿਡ ਸਿਰਫ਼ ਮਾਂ ਦੇ ਦੁੱਧ, ਬੱਕਰੀ ਅਤੇ ਗਾਂ ਦੇ ਦੁੱਧ ਵਿੱਚ ਹੀ ਪਾਏ ਜਾਂਦੇ ਹਨ।

× ਪੱਠਿਆਂ ਨਾਲ ਐਡਰੀਨਲ ਗਲੈਂਡ ਦੀ ਮਜ਼ਬੂਤੀ

ਹਰ ਸਾਲ ਸਾਡੇ ਪੱਠੇ ਸੁੰਗੜਦੇ ਹਨ ਅਤੇ ਉਨ੍ਹਾਂ ਦੀ ਜਗ੍ਹਾ 'ਤੇ ਚਰਬੀ ਭਰ ਜਾਂਦੀ ਹੈ। ਤਾਕਤਵਰ ਪੱਠੇ ਐਡਰੀਨਲ ਗਲੈਂਡ ਦੀ ਕਾਰਜ ਵਿਧੀ ਨੂੰ ਕੰਟਰੋਲ ਕਰਦੇ ਹਨ। ਇਸ ਤੋਂ ਇਲਾਵਾ ਸਰੀਰਕ ਕੰਮ ਤਣਾਅ ਵਾਲੇ ਹਾਰਮੋਨ ਕਾਰਟੀਸੋਲ ਨੂੰ ਖ਼ਤਮ ਕਰਨ ਲਈ ਸਰੀਰ ਦੀ ਮਦਦ ਕਰਦਾ ਹੈ। ਪੱਠਿਆਂ ਦੀ ਮਜ਼ਬੂਤੀ ਲਈ ਖ਼ਾਸ ਤਰ੍ਹਾਂ ਦੀ ਹਲਕੀ ਕਸਰਤ ਕਰਨੀ ਚਾਹੀਦੀ ਹੈ। ਭਾਰੀ ਕਸਰਤ ਅਤੇ ਜਿੰਮ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

× ਤਣਾਅ-ਮੁਕਤ ਹੋਣ ਦਾ ਕੁਦਰਤੀ ਇਲਾਜ

ਡੀ.ਐੱਚ.ਈ.ਏ. ਐਂਟੀ-ਸਟਰੈੱਸ ਹਾਰਮੋਨ ਹੈ, ਜਿਸਨੂੰ ਐਡਰੀਨਲ ਗਲੈਂਡ ਪੈਦਾ ਕਰਦਾ ਹੈ। ਇਸ ਦੀ ਕਮੀ ਨਾਲ ਰੋਗ ਨਿਰੋਧਕ ਸ਼ਕਤੀ ਵਿੱਚ ਕਮੀ, ਕੈਂਸਰ, ਬਾਂਝਪਣ, ਦਿਲ ਦੇ ਰੋਗ, ਜਲਦੀ ਬੁਢਾਪਾ, ਉਮਰ ਦਾ ਘਟਣਾ ਅਤੇ ਡਿਪਰੈਸ਼ਨ ਜਿਹੀਆਂ ਬੀਮਾਰੀਆਂ ਘੇਰ ਲੈਂਦੀਆਂ ਹਨ। ਸਰੀਰ ਵਿੱਚ ਇਸ ਦੀ ਮਾਤਰਾ ਸੀਮਤ ਹੁੰਦੀ ਹੈ। 20 ਸਾਲ ਦੀ ਉਮਰ ਵਿੱਚ ਇਹ ਜ਼ਿਆਦਾ ਹੁੰਦਾ ਹੈ ਅਤੇ ਚਾਲੀ ਸਾਲ ਤਕ ਪਹੁੰਚਦਿਆਂ ਇਸ ਦੀ ਮਾਤਰਾ 50 ਫ਼ੀਸਦੀ ਰਹਿ ਜਾਂਦੀ ਹੈ। ਜਿੰਨਾ ਜ਼ਿਆਦਾ ਤਣਾਅ ਹੋਵੇਗਾ, ਉੱਨੀ ਜਲਦੀ ਇਸ ਦੀ ਮਾਤਰਾ ਘਟਦੀ ਜਾਵੇਗੀ। ਕਾਰਟੀਸੋਲ ਉਮਰ ਦੇ ਹਿਸਾਬ ਨਾਲ ਵਧਦਾ ਜਾਂਦਾ ਹੈ ਜੋ ਡੀ.ਐੱਚ.ਈ.ਏ. ਦੀ ਕਮੀ ਲਈ ਜ਼ਿੰਮੇਵਾਰ ਹੁੰਦਾ ਹੈ। ਇਸ ਦੀ ਕਮੀ ਨੂੰ ਪੂਰਾ ਕਰਨ ਲਈ ਅਦਰਕ, ਦਾਲਚੀਨੀ ਅਤੇ ਹਲਦੀ ਦਾ ਇਸਤੇਮਾਲ ਕਰਨਾ ਚਾਹੀਦਾ ਹੈ।

× ਸਰੀਰ ਦੀ ਸਫ਼ਾਈ

ਹਰ ਰੋਜ਼ ਪ੍ਰਦੂਸ਼ਨ, ਕੈਮੀਕਲ ਅਤੇ ਨਦੀਨਨਾਸ਼ਕਾਂ ਦੇ ਰੂਪ ਵਿੱਚ ਹਜ਼ਾਰਾਂ ਜ਼ਹਿਰ ਸਾਡੇ ਸਰੀਰ ਵਿੱਚ ਜਾ ਰਹੇ ਹਨ। ਸਰੀਰ ਦੀ ਸਫ਼ਾਈ ਮੁਹਿੰਮ ਨੂੰ ਤੇਜ਼ ਅਤੇ ਐਡਰੀਨਲ ਗਲੈਂਡ ਨੂੰ ਚਾਰਜ ਕਰਨ ਅਤੇ ਕਰੋਨਿਕ ਕੈਟਾਬੋਲਿਜਮ ਦੇ ਅਸਰ ਨੂੰ ਘੱਟ ਕਰਨ ਲਈ ਐਂਟੀ-ਆਕਸੀਡੈਂਟ ਤੇ ਪੌਸ਼ਕ ਤੱਤ ਲੈਣੇ ਚਾਹੀਦੇ ਹਨ, ਜਿਵੇਂ ਐੱਨ-ਐਸੀਟਾਈਲ-ਸਿਸਟੀਨ, ਕੈਲਸ਼ੀਅਮ ਡੀ-ਗਲੂਕਾਰੇਟ, ਮੈਥੀਓਨਾਈਨ, ਟੌਰੀਨ, ਅਲਫਾ ਲਿਪੋਇਕ ਐਸਿਡ, ਸੇਮ, ਐੱਮ.ਐੱਸ.ਐੱਮ., ਕਲੋਰੈਲਾ, ਸਪੀਰੂਲੀਨਾ. ਕਿਲਾਨਟਰੋ, ਮਿਲਕ ਥਿਸਟਲ, ਇਰਵਿੰਗੀਆ ਗਾਬੋਨੈਸਿਸ ਅਤੇ ਕਾਨਾ ਆਦਿ।



× ਡੂੰਘਾ ਸਾਹ ਲੈਣਾ

ਆਯੁਰਵੈਦ ਅਤੇ ਹੋਰ ਪੁਰਾਣੀਆਂ ਚਿਕਿਤਸਾ ਪ੍ਰਣਾਲੀਆਂ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਸਾਹ ਲੈਣ ਦੀਆਂ ਵਿਧੀਆਂ ਬਾਰੇ ਵਰਨਣ ਮਿਲਦਾ ਹੈ। ਸਾਡੇ ਪੁਰਖੇ ਇਨ੍ਹਾਂ ਦਾ ਇਸਤੇਮਾਲ ਦਿਮਾਗੀ ਤਰੰਗਾਂ ਨੂੰ ਹੌਲੀ ਕਰਨ ਵਾਸਤੇ ਕਰਦੇ ਸਨ। ਡੂੰਘੇ ਸਾਹ ਲੈਣ ਨਾਲ ਐਡਰੀਨਲ ਹਾਰਮੋਨ ਸੰਤੁਲਿਤ ਹੁੰਦੇ ਹਨ।

× ਤਣਾਅ ਦਾ ਸਾਹਮਣਾ ਕਰਨਾ

ਕਈ ਵਾਰ ਅਸੀਂ ਕਿਸੇ ਸਮੱਸਿਆ ਦੇ ਆਉਣ 'ਤੇ ਤਣਾਅ ਮਹਿਸੂਸ ਕਰਦੇ ਹਾਂ ਅਤੇ ਉਸ ਤੋਂ ਛੁਟਕਾਰਾ ਪਾਉਣ ਲਈ ਸੋਚਣਾ ਸ਼ੁਰੂ ਕਰ ਦਿੰਦੇ ਹਾਂ ਜੋ ਹੋਰ ਤਣਾਅਗ੍ਰਸਤ ਕਰ ਦਿੰਦਾ ਹੈ। ਇਹ ਤਣਾਅ ਸਾਡੇ ਵਿਚਾਰਾਂ ਨੂੰ ਪ੍ਰਭਾਵਿਤ ਕਰਦਾ ਹੈ। ਇਸ ਤੋਂ ਬਚਣ ਦਾ ਤਰੀਕਾ ਹੈ- ਆਪਣਾ ਧਿਆਨ ਕਿਸੇ ਹੋਰ ਪਾਸੇ ਲਾਉਣਾ, ਜਿਵੇਂ ਕੋਈ ਕਿਤਾਬ ਪੜ੍ਹਨਾ, ਮੈਡੀਟੇਸ਼ਨ ਕਰਨਾ ਜਾਂ ਧਿਆਨ ਲਗਾਉਣਾ ਆਦਿ।

× ਸੌਣ ਦਾ ਢੰਗ

ਤੁਹਾਡੇ ਸੌਣ ਦੇ ਢੰਗ 'ਤੇ ਨਿਰਭਰ ਕਰਦਾ ਹੈ ਕਿ ਉਹ ਤਣਾਅ ਨਾਲ ਕਿਵੇਂ ਨਜਿੱਠਦਾ ਹੈ। ਬਹੁਤ ਜ਼ਿਆਦਾ ਅਤੇ ਬਹੁਤ ਘੱਟ ਸੌਣਾ ਦੋਵੇਂ ਤਣਾਅ ਨਾਲ ਲੜਨ ਦੀ ਸਰੀਰਕ ਸਮਰੱਥਾ ਨੂੰ ਪ੍ਰਭਾਵਿਤ ਕਰਦੇ ਹਨ। ਔਸਤਨ ਸੌਣ ਦਾ ਸਮਾਂ ਸੱਤ ਤੋਂ ਅੱਠ ਘੰਟੇ ਹੋਣਾ ਚਾਹੀਦਾ ਹੈ। ਅੱਜ ਦੇ ਮਨੁੱਖ ਨੇ ਆਪਣੇ-ਆਪ ਨੂੰ ਜਿੱਥੇ ਤਕ ਸੀਮਤ ਕਰ ਲਿਆ ਹੈ, ਜੋ ਤਣਾਅ ਦਾ ਸਭ ਤੋਂ ਵੱਡਾ ਕਾਰਨ ਹੈ। ਆਪਣੀਆਂ ਭਾਵਨਾਵਾਂ ਨੂੰ ਦਬਾ ਕੇ ਰੱਖਣ ਦੀ ਬਜਾਏ ਸਾਨੂੰ ਲੋਕਾਂ ਨਾਲ ਗੱਲਬਾਤ ਅਤੇ ਹਾਸਾ-ਮਜ਼ਾਕ ਕਰਨਾ ਚਾਹੀਦਾ ਹੈ। ਭਾਵਨਾਵਾਂ ਵਿਅਕਤ ਕਰਨ ਨਾਲ ਵਿਅਕਤੀ ਕਾਫ਼ੀ ਹਲਕਾ ਮਹਿਸੂਸ ਕਰਦਾ ਹੈ।

# ਸਰਦੀਆਂ 'ਚ ਮਹਿਕਦੀ-ਟਹਿਕਦੀ ਬਾਲਕੋਨੀ



ਅੱਜਕਲ੍ਹ ਬਹੁਤ ਸੌਖਿਆਂ ਹੀ ਰੰਗ-ਬਰੰਗੇ ਦ੍ਰਿਸ਼ ਪੇਸ਼ ਕਰਦੀਆਂ ਬਾਲਕੋਨੀਆਂ ਛੋਟੇ-ਛੋਟੇ ਫਲੈਟਾਂ ਵਿਚ ਵੀ ਦੇਖੀਆਂ ਜਾ ਸਕਦੀਆਂ ਹਨ, ਕਿਉਂਕਿ ਦਿਨੋ-ਦਿਨ ਵਿਗੜੇ ਵਾਤਾਵਰਨ, ਵਧਦੀ ਵਿਸ਼ਵ ਤਪਸ਼ ਨੇ ਸਾਨੂੰ ਹਰੀਆਂ-ਭਰੀਆਂ ਬਾਲਕੋਨੀਆਂ ਦੇ ਮਹੱਤਵ ਨੂੰ ਚੰਗੀ ਤਰ੍ਹਾਂ ਸਮਝਾ ਦਿੱਤਾ ਹੈ। ਸ਼ਹਿਰਾਂ ਵਿਚ ਆਬਾਦੀ ਵਧਣ ਕਾਰਨ ਹੁਣ ਗਿਣੇ-ਚੁਣੇ ਲੋਕਾਂ ਕੋਲ ਹੀ ਜ਼ਮੀਨ ਵਾਲੇ ਵੱਡੇ ਘਰ ਰਹਿ ਗਏ ਹਨ। ਜ਼ਿਆਦਾਤਰ ਲੋਕ ਹੁਣ ਫਲੈਟਾਂ ਵਿਚ ਆ ਚੁੱਕੇ ਹਨ। ਚਾਹੇ ਸ਼ਹਿਰ ਦਿੱਲੀ, ਮੁੰਬਈ, ਬੰਗਲੂਰੂ ਜਾਂ ਹੈਦਰਾਬਾਦ ਹੋਵੇ ਜਾਂ ਫਿਰ ਲਖਨਊ, ਲੁਧਿਆਣਾ ਜਾਂ ਭੋਪਾਲ ਹਰ ਥਾਂ ਫਲੈਟਾਂ ਵਿਚ ਰਹਿਣ ਵਾਲਿਆਂ ਦੀ ਗਿਣਤੀ ਕਾਫ਼ੀ ਹੈ। ਇਸ ਲਈ ਅੱਜ ਦੀ ਤਰੀਕ ਵਿਚ ਰਸੋਈ ਬਗ਼ੀਚੀ ਦਾ ਮਤਲਬ ਆਮ ਤੌਰ ਤੇ ਬਾਲਕੋਨੀ ਬਗ਼ੀਚੀ ਵੀ ਹੋ ਗਿਆ ਹੈ। ਇਹੀ ਵਜ੍ਹਾ ਹੈ ਕਿ ਇਨ੍ਹੀਂ ਦਿਨੀਂ ਲੋਕ ਆਪਣੀਆਂ ਬਾਲਕੋਨੀਆਂ ਨੂੰ ਬਹੁਤ ਚੰਗੀ ਤਰ੍ਹਾਂ ਸਜਾਉਂਦੇ ਸੰਵਾਰਦੇ ਹਨ। ਸਰਦੀਆਂ ਦੇ ਸ਼ੁਰੂ ਹੁੰਦਿਆਂ ਹੀ ਸਾਨੂੰ ਆਪਣੀਆਂ ਬਾਲਕੋਨੀਆਂ ਵਿਚ ਨਾ ਸਿਰਫ਼ ਇਸ ਤਰ੍ਹਾਂ ਦੇ ਬੂਟੇ ਲਗਾਉਣੇ ਚਾਹੀਦੇ ਹਨ, ਜਿਨ੍ਹਾਂ ਦੇ ਫੁੱਲ ਸਰਦੀਆਂ ਵਿਚ ਖਿੜਦੇ ਹੋਣ, ਸਗੋਂ ਸਾਨੂੰ ਇਸ ਦੌਰਾਨ ਇਨ੍ਹਾਂ ਦੀ ਦੇਖਭਾਲ ਵੀ ਮੌਨਸੂਨ ਦੇ ਮੁਕਾਬਲੇ ਜ਼ਿਆਦਾ ਸਾਵਧਾਨੀ ਨਾਲ ਕਰਨੀ ਚਾਹੀਦੀ ਹੈ। ਹਾਲਾਂਕਿ ਗਰਮੀ ਦੇ ਮੌਸਮ ਵਿਚ ਫਲ-ਬੂਟੇ ਸਖ਼ਤ ਧੁੱਪ ਤੋਂ ਪ੍ਰੇਸ਼ਾਨ ਰਹਿੰਦੇ ਹਨ ਪਰ ਸਰਦੀ ਵਿਚ ਬੂਟਿਆਂ ਦੀ ਇਹੀ ਸਥਿਤੀ ਧੁੱਪ ਨਾ ਮਿਲਣ ਕਾਰਨ ਹੁੰਦੀ ਹੈ। ਸਰਦੀ ਵਿਚ ਕਈ ਬੂਟੇ ਇਸ ਲਈ ਘੱਟ ਵਿਕਾਸ ਕਰਦੇ ਹਨ, ਕਿਉਂਕਿ ਉਨ੍ਹਾਂ ਨੂੰ ਆਪਣੀ ਜ਼ਰੂਰਤ ਦੀ ਧੁੱਪ ਨਹੀਂ ਮਿਲਦੀ। ਇਸ ਲਈ ਸਰਦੀ ਦੇ ਮੌਸਮ ਵਿਚ ਬੂਟਿਆਂ ਨੂੰ ਧੁੱਪ ਮਿਲਦੀ ਹੈ ਜਾਂ ਨਹੀਂ, ਇਸ ਨੂੰ ਲੈ ਕੇ ਸਾਵਧਾਨ ਰਹਿਣਾ ਚਾਹੀਦਾ ਹੈ। ਜੇਕਰ ਬੂਟੇ ਬਾਲਕੋਨੀ ਵਿਚ ਇਸ ਤਰ੍ਹਾਂ ਦੀ ਥਾਂ ਤੇ ਹੋਣ, ਜਿਥੇ ਕਿਸੇ ਵਜ੍ਹਾ ਨਾਲ ਧੁੱਪ ਘੱਟ ਆਉਂਦੀ ਹੋਵੇ ਤਾਂ ਉਨ੍ਹਾਂ ਨੂੰ ਸਾਵਧਾਨੀ ਨਾਲ ਜੇਕਰ ਉਹ ਪੱਕੀ ਥਾਂ ਨਹੀਂ ਲੱਗੇ ਤਾਂ ਵਿਚਾਲੇ-ਵਿਚਾਲੇ ਇਕ-ਇਕ, ਦੋ-ਦੋ ਦਿਨ ਲਈ ਰੱਖਣਾ ਚਾਹੀਦਾ ਹੈ, ਜਿਥੇ ਬਹੁਤ ਧੁੱਪ ਆਉਂਦੀ ਹੋਵੇ। ਉਂਜ ਤਾਂ ਹਰ ਮੌਸਮ ਵਿਚ ਬਾਲਕੋਨੀ ਵਿਚ ਇਸ ਤਰ੍ਹਾਂ ਦੇ ਗਮਲੇ ਰੱਖਣੇ ਚਾਹੀਦੇ ਹਨ ਜੋ ਮਿੱਟੀ ਦੇ ਹੋਣ, ਕਿਉਂਕਿ ਉਨ੍ਹਾਂ ਵਿਚ ਬੂਟੇ ਨੂੰ ਜ਼ਿਆਦਾ ਖਾਦ, ਪਾਣੀ ਦੀ ਸਹੂਲਤ ਮਿਲਦੀ ਹੈ ਬਜਾਏ ਪਲਾਸਟਿਕ ਅਤੇ ਸਿਰੇਮਿਕ ਦੇ ਗਮਲਿਆਂ ਦੇ।

ਪਰ ਜੇਕਰ ਕਿਸੇ ਵਜ੍ਹਾ ਕਰਕੇ ਮਿੱਟੀ ਦੇ ਗਮਲੇ ਭਾਵ ਟੇਰਾਕੋਟਾ ਗਮਲੇ ਨਾ ਹੋਣ ਤਾਂ ਇਸ ਗੱਲ ਨੂੰ ਯਕੀਨੀ ਕਰੋ ਕਿ ਕੀ ਗਮਲੇ ਦੇ ਹੇਠ ਸੁਰਾਖ ਹੈ ਅਤੇ ਉਹ ਸੁਰਾਖ ਪੱਥਰ ਦੇ ਕਿਸੇ ਟੁਕੜੇ ਨਾਲ ਚੰਗੀ ਤਰ੍ਹਾਂ ਢਕਿਆ ਹੋਇਆ ਹੈ, ਤਾਂ ਕਿ ਬੂਟੇ ਨੂੰ ਲਗਾਤਾਰ ਹਵਾ ਮਿਲਦੀ ਰਹੇ। ਬਾਲਕੋਨੀ ਵਿਚ ਇਸ ਤਰ੍ਹਾਂ ਬੂਟੇ ਲਗਾਓ ਜਿਨ੍ਹਾਂ ਦਾ ਆਕਾਰ ਬਾਲਕੋਨੀ ਅਨੁਸਾਰ ਹੀ ਹੋਵੇ। ਜੇਕਰ ਫੁੱਲਾਂ ਵਾਲੇ ਬੂਟਿਆਂ ਦੀ ਥਾਂ ਸਬਜ਼ੀਆਂ ਲਗਾਉਣਾ ਚਾਹੁੰਦੇ ਹੋ ਤਾਂ ਇਸ ਮੌਸਮ ਵਿਚ ਹਰਾ ਧਨੀਆ, ਲਸਣ, ਪੁਦੀਨਾ, ਟਮਾਟਰ ਤੇ ਮਿਰਚ ਆਦਿ ਦੇ ਬੂਟੇ ਲਗਾਓ। ਇਹ ਏਨੇ ਵੱਡੇ ਨਹੀਂ ਹੁੰਦੇ ਕਿ ਬਾਲਕੋਨੀ ਤੋਂ ਬਾਹਰ ਨਿਕਲਣ ਅਤੇ ਇਨ੍ਹਾਂ ਦੀ ਦੇਖਭਾਲ ਵੀ ਸੌਖਿਆਂ ਹੋ ਜਾਂਦੀ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਧਨੀਆ, ਮਿਰਚ, ਪੁਦੀਨਾ ਅਤੇ ਹਰਾ ਲਸਣ ਜੇਕਰ ਬਾਲਕੋਨੀ ਦੇ ਬਗ਼ੀਚੇ ਵਿਚ ਹੋਵੇਗਾ ਤਾਂ ਉਹ ਰੋਜ਼-ਰੋਜ਼ ਤੁਹਾਡੀ ਵਰਤੋਂ ਵਿਚ ਵੀ ਆਉਣਗੇ।

ਜੇਕਰ ਰੰਗ-ਬਿਰੰਗੇ ਫੁੱਲਾਂ ਨਾਲ ਬਗ਼ੀਚੇ ਨੂੰ ਸਜਾਉਣਾ-ਮਹਿਕਾਉਣਾ ਚਾਹੁੰਦੇ ਹੋ ਤਾਂ ਮੀਂਹ ਖ਼ਤਮ ਹੋਣ ਤੋਂ ਪਹਿਲਾਂ ਹੀ ਗੇਂਦੇ ਅਤੇ ਗੁਲਦਾਊਦੀ ਨੂੰ ਗਮਲਿਆਂ ਵਿਚ ਚੰਗੀ ਤਰ੍ਹਾਂ ਨਾਲ ਲਗਾ ਦਿਓ। ਪਾਮ ਅਤੇ ਮਨੀ ਪਲਾਂਟ, ਲਿਲੀ, ਸੋਲਵੀਆ ਵਰਗੇ ਬੂਟਿਆਂ ਨੂੰ ਕੰਬੀਨੇਸ਼ਨ ਦੇ ਨਾਲ ਲਗਾਓ। ਇਸ ਨਾਲ ਬਗ਼ੀਚਾ ਬਹੁਤ ਹਰਿਆ-ਭਰਿਆ ਦਿਸੇਗਾ। ਤੁਹਾਡੀ ਬਾਲਕੋਨੀ ਦੇ ਬਗ਼ੀਚੇ ਦੀ ਦਿੱਖ ਤੁਹਾਡਾ ਅਤੇ ਤੁਹਾਡੇ ਘਰ ਆਉਣ ਵਾਲਿਆਂ ਦਾ ਧਿਆਨ ਆਪਣੇ ਵੱਲ ਖਿੱਚੇ, ਇਸ ਲਈ ਬਾਲਕੋਨੀ ਵਿਚ ਗਮਲਿਆਂ ਨੂੰ ਬਹੁਤ ਸਲੀਕੇਦਾਰ ਢੰਗ ਨਾਲ ਰੱਖੋ। ਜੇਕਰ ਜਿੰਨੇ ਬੂਟੇ ਤੁਸੀਂ ਬਾਲਕੋਨੀ ਵਿਚ ਰੱਖਣਾ ਚਾਹੁੰਦੇ ਹੋ, ਥਾਂ ਉਸ ਤੋਂ ਘੱਟ ਹੋਵੇ ਤਾਂ ਪਲਾਂਟ ਸਟੈਂਡ ਖਰੀਦ ਲਓ। ਅੱਜਕਲ੍ਹ ਇਹ ਲੋਹੇ ਦੇ ਵੀ ਆਉਂਦੇ ਹਨ ਅਤੇ ਬਾਂਸ ਦੇ ਵੀ। ਬਾਂਸ ਦੇ ਪਲਾਂਟ ਸਟੈਂਡ ਜ਼ਿਆਦਾ ਸਹੀ ਹਨ ਪਰ ਉਹ ਜਲਦੀ ਖਰਾਬ ਵੀ ਹੋ ਜਾਂਦੇ ਹਨ। ਜਦ ਕਿ ਲੋਹੇ ਦੇ ਪਲਾਂਟ ਸਟੈਂਡ ਦੀ ਘੱਟ ਦੇਖਭਾਲ ਦੀ ਜ਼ਰੂਰਤ ਹੁੰਦੀ ਹੈ। ਟੰਗਣ ਵਾਲੀਆਂ ਟੋਕਰੀਆਂ ਵੀ ਇਕ ਵੱਖਰੀ ਹੀ ਰੋਮਾਂਚਕ ਦਿੱਖ ਪ੍ਰਦਾਨ ਕਰਦੀਆਂ ਹਨ। ਇਸ ਲਈ ਜੇਕਰ ਪੂਰੀ ਤਰ੍ਹਾਂ ਨਹੀਂ ਤਾਂ ਬਾਲਕੋਨੀ ਦੇ ਦੋਵੇਂ ਕਿਨਾਰਿਆਂ ਤੇ ਕੁਝ ਟੰਗਣ ਵਾਲੀਆਂ ਟੋਕਰੀਆਂ ਜ਼ਰੂਰ ਲਗਾਓ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA



# ਸੋਸ਼ਲ ਮੀਡੀਆ ਦਾ ਸਰੀਰ ਤੇ ਵਿਹਾਰ 'ਤੇ ਅਸਰ



ਸੋਸ਼ਲ ਮੀਡੀਆ ਨਾਲ ਜੁੜੇ ਲੋਕ ਨਾ ਤਾਂ ਪੂਰੀ ਨੀਂਦ ਲੈਂਦੇ ਹਨ ਤੇ ਨਾ ਲੋੜੀਂਦਾ ਸਮਾਂ ਦਿਮਾਗ਼ ਨੂੰ ਦਿੰਦੇ ਹਨ। ਲੋੜੋਂ ਵੱਧ ਇਸ ਦੀ ਵਰਤੋਂ ਨਾਲ ਐਲਜ਼ਾਈਮਰ, ਯਾਦਦਾਸ਼ਤ ਦੀ ਕਮੀ ਵਰਗੇ ਰੋਗਾਂ ਨੂੰ ਸਹੇੜ ਰਹੇ ਹਨ...



ਡਾ. ਹਰਸ਼ਿੰਦਰ ਕੌਰ
0175-2216783

### ਚੱਲ ਰਹੀਆਂ ਖੋਜਾਂ

ਇਸ ਸਬੰਧੀ ਹੋ ਰਹੀਆਂ ਨਵੀਆਂ ਖੋਜਾਂ ਰਾਹੀਂ ਇਹ ਚਾਨਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਕਿੰਨੇ ਫ਼ੀਸਦੀ ਬੱਚਿਆਂ ਵਿਚ ਮੋਟਾਪੇ ਦੇ ਵਧਣ ਦਾ ਕਾਰਨ ਸੋਸ਼ਲ ਮੀਡੀਆ ਹੈ? ਸੋਸ਼ਲ ਮੀਡਆ ਦਾ ਬੱਚਿਆਂ ਦੇ ਖਾਣ-ਪੀਣ 'ਤੇ ਕੀ ਅਸਰ ਪੈ ਰਿਹਾ ਹੈ? ਸਾਹ ਦੀਆਂ ਬੀਮਾਰੀਆਂ ਤੇ ਚਮੜੀ ਰੋਗਾਂ ਵਿਚ ਕਿੰਨਾ ਵਾਧਾ ਹੋਇਆ ਹੈ? ਅੱਖਾਂ 'ਤੇ ਪੈਂਦੇ ਅਸਰ ਤੇ ਛੋਟੀ ਉਮਰ ਵਿਚ ਲੱਗ ਰਹੀਆਂ ਐਨਕਾਂ ਦੇ ਕਾਰਨ? ਕੰਪਿਊਟਰ ਅੱਗੇ ਬਹਿ ਕੇ ਮੋਟਾਪੇ ਦਾ ਸ਼ਿਕਾਰ ਹੋਈਆਂ ਔਰਤਾਂ 'ਚ ਵਧ ਰਿਹਾ ਹਾਰਮੋਨਜ਼ ਦਾ ਅਸਾਵਾਂਪਨ ਤੇ ਮਾਹਵਾਰੀ ਵਿਚ ਗੜਬੜੀ। ਵਧਦੇ ਮੋਟਾਪੇ ਕਾਰਨ ਕੈਂਸਰ 'ਚ ਵਾਧਾ। ਸੋਸ਼ਲ ਮੀਡੀਆ ਕਾਰਮ ਬੱਚਿਆਂ 'ਚ ਆ ਰਹੀ ਸਹਿਣਸ਼ੀਲਤਾ ਦੀ ਘਾਟ ਦੇ ਕਾਰਨਾਂ ਨੂੰ ਨਵੀਆਂ ਖੋਜਾਂ ਜ਼ਰੀਏ ਜਾਨਣ ਦੇ ਯਤਨ ਕੀਤੇ ਜਾ ਰਹੇ ਹਨ।

### ਹੁਣ ਤਕ ਦੀਆਂ ਖੋਜਾਂ

ਸੋਸ਼ਲ ਮੀਡੀਆ ਬੱਚਿਆਂ ਨੂੰ ਢੀਠ, ਲੜਾਕੇ, ਛੇਤੀ ਭੜਕ ਜਾਣ ਵਾਲੇ ਤੇ ਪੜ੍ਹਾਈ ਤੋਂ ਮਨ ਚੁਰਾਉਣ ਵਾਲੇ ਬਣਾ ਰਿਹਾ ਹੈ। ਇਸ ਰਾਹੀਂ ਫੈਲ ਰਹੀ ਨਫ਼ਰਤ ਭੀੜ ਦੀ ਮਾਨਸਿਕਤਾ ਤਿਆਰ ਕਰ ਰਹੀ ਹੈ। ਤਣਾਅ, ਮੋਟਾਪਾ, ਸ਼ੱਕਰ ਰੋਗ ਤੇ ਬਲੱਡ ਪ੍ਰੈਸ਼ਰ ਦਾ ਛੋਟੀ ਉਮਰ 'ਚ ਹੋਣਾ ਤੇ ਇਨ੍ਹਾਂ ਅਲਾਮਤਾਂ ਦੇ ਮਰੀਜ਼ਾਂ ਦੀ ਗਿਣਤੀ 'ਚ ਚਾਰ ਸੰਨ 2007 ਵਿਚ ਖੋਜੀ ਕ੍ਰਿਸਟਾਕੀ ਦੀ 'ਨਿਊ ਇੰਗਲੈਂਡ ਜਰਨਲ ਆਫ ਮੈਡੀਸਨ' ਵਿਚ ਦੁਨੀਆ ਦੀ ਸਭ ਤੋਂ ਮਸ਼ਹੂਰ ਖੋਜ 'ਫਰਮਿੰਗਮ ਖੋਜ' ਛਪੀ ਸੀ। ਇਸ ਵਿਚ ਦੱਸਿਆ ਗਿਆ ਸੀ ਕਿ ਕਿਸੇ ਵੀ ਮੋਟੇ ਬੱਚੇ ਦੇ ਦੋਸਤਾਂ ਵਿੱਚੋਂ ਉਸ ਦੇ 57 ਫ਼ੀਸਦੀ ਦੋਸਤ ਵੀ ਮੋਟਾਪੇ ਦੇ ਸ਼ਿਕਾਰ ਹੋ ਜਾਂਦੇ ਹਨ। ਜੇ ਇਨ੍ਹਾਂ ਦੋਸਤਾਂ ਦੇ ਸਮੂਹ ਵਿੱਚੋਂ ਕਿਸੇ ਹੋਰ ਸਮੂਹ ਨਾਲ ਕੋਈ ਬੱਚਾ ਵਾਕਫ਼ੀਅਤ ਰੱਖਦਾ ਹੋਵੇ, ਤਾਂ ਉਸ ਗਰੁੱਪ ਵਿਚਲੇ ਬੱਚੇ ਵੀ ਅਜਿਹੇ ਖਾਣ-ਪੀਣ ਤੇ ਰਹਿਣ-ਸਹਿਣ ਦੇ ਪ੍ਰਭਾਵ ਹੇਠ ਆ ਜਾਂਦੇ ਹਨ।

ਸੰਨ 2007 ਵਿਚ ਖੋਜੀ ਕ੍ਰਿਸਟਾਕੀ ਦੀ 'ਨਿਊ ਇੰਗਲੈਂਡ ਜਰਨਲ ਆਫ ਮੈਡੀਸਨ' ਵਿਚ ਦੁਨੀਆ ਦੀ ਸਭ ਤੋਂ ਮਸ਼ਹੂਰ ਖੋਜ 'ਫਰਮਿੰਗਮ ਖੋਜ' ਛਪੀ ਸੀ। ਇਸ ਵਿਚ ਦੱਸਿਆ ਗਿਆ ਸੀ ਕਿ ਕਿਸੇ ਵੀ ਮੋਟੇ ਬੱਚੇ ਦੇ ਦੋਸਤਾਂ ਵਿੱਚੋਂ ਉਸ ਦੇ 57 ਫ਼ੀਸਦੀ ਦੋਸਤ ਵੀ ਮੋਟਾਪੇ ਦੇ ਸ਼ਿਕਾਰ ਹੋ ਜਾਂਦੇ ਹਨ। ਜੇ ਇਨ੍ਹਾਂ ਦੋਸਤਾਂ ਦੇ ਸਮੂਹ ਵਿੱਚੋਂ ਕਿਸੇ ਹੋਰ ਸਮੂਹ ਨਾਲ ਕੋਈ ਬੱਚਾ ਵਾਕਫ਼ੀਅਤ ਰੱਖਦਾ ਹੋਵੇ, ਤਾਂ ਉਸ ਗਰੁੱਪ ਵਿਚਲੇ ਬੱਚੇ ਵੀ ਅਜਿਹੇ ਖਾਣ-ਪੀਣ ਤੇ ਰਹਿਣ-ਸਹਿਣ ਦੇ ਪ੍ਰਭਾਵ ਹੇਠ ਆ ਜਾਂਦੇ ਹਨ। ਕਮਾਲ ਤਾਂ ਇਹ ਹੈ ਕਿ ਉਨ੍ਹਾਂ ਵਿੱਚੋਂ ਵੀ ਅੱਗੋਂ 20 ਫ਼ੀਸਦੀ ਬੱਚੇ ਮੋਟਾਪੇ ਦੇ ਸ਼ਿਕਾਰ ਹੋ ਜਾਂਦੇ ਹਨ। ਇਹ ਵੀ ਵੇਖਣ 'ਚ ਆਇਆ ਕਿ ਦੋ ਗਰੁੱਪਾਂ ਵਿਚਕਾਰਲਾ 'ਲਿੰਕ ਬੱਚਾ' ਭਾਵੇਂ ਆਪ ਮੋਟਾ ਨਾ ਵੀ ਹੋਵੇ, ਫਿਰ ਵੀ ਇਕ ਸਮੂਹ ਵਿਚਲੀ ਮੋਟਾਪੇ ਵਾਲੀ ਸੋਚ ਦੂਸਰੇ ਸਮੂਹ ਤਕ ਪਹੁੰਚਾ ਦਿੰਦਾ ਹੈ।

ਇਕ ਸਾਲ ਬਾਅਦ ਅਜਿਹੀ ਇਕ ਹੋਰ ਖੋਜ ਸਾਹਮਣੇ ਆਈ, ਜਿਸ ਵਿਚ ਸਿਗਰਟ ਪੀਣ ਦੇ ਆਦੀ ਬੰਦਿਆਂ ਦਾ ਹੋਰਨਾਂ 'ਤੇ ਅਸਰ ਘੋਖਿਆ ਗਿਆ।

ਇਹ ਵੇਖਣ 'ਚ ਆਇਆ ਕਿ ਜਿਸ ਬੰਦੇ ਨੇ ਪਹਿਲੀ ਵਾਰ ਸਿਗਰਟ ਪੀਤੀ, ਉਸ ਦੇ ਦੋਸਤਾਂ ਵਿੱਚੋਂ 36 ਫ਼ੀਸਦੀ ਨੇ ਵੀ ਸਿਗਰਟ ਦਾ ਸੂਟਾ ਮਾਰਿਆ। ਫਿਰ ਅਜਿਹੀ ਹੀ ਇਕ ਖੋਜ ਗੁੱਸੇਖ਼ੋਰ ਬੰਦੇ 'ਤੇ ਕੀਤੀ ਗਈ। ਉਸ ਵਿਚ ਨਤੀਜੇ ਇਹ ਨਿਕਲੇ ਕਿ ਗੁਸੈਲ ਬੰਦੇ ਦੇ 68 ਫ਼ੀਸਦੀ ਦੋਸਤ ਵੀ ਖਿਝ ਕੇ ਬੋਲਣ ਵਾਲੇ, ਉੱ"1 ਬੋਲਣ ਜਾਂ ਗਾਲ੍ਹਾਂ ਕੱਢਣ ਦੇ ਆਦੀ ਬਣ ਜਾਂਦੇ ਹਨ। ਚੌਥੀ ਖੋਜ ਖ਼ੁਸ਼ਮਿਜ਼ਾਜ ਲੋਕਾਂ 'ਤੇ ਕੀਤੀ ਗਈ। ਉਥੇ ਵੀ ਨਤੀਜੇ ਕੁਝ ਅਜਿਹੇ ਹੀ ਸਨ। ਨਾ ਸਿਰਫ਼ ਉਸ ਗਰੁੱਪ ਵਿਚ ਬਲਕਿ ਇਨਸਾਨੀ ਕੜੀ ਰਾਹੀਂ ਜੁੜੇ ਦੂਜੇ ਗਰੁੱਪ ਤੇ ਤੀਜੇ ਗਰੁੱਪ ਤਕ ਵੀ ਇਸ ਦਾ ਅਸਰ ਵੇਖਿਆ ਗਿਆ, ਜਾਣੀਂ ਦੋਸਤਾਂ ਦੇ ਦੋਸਤਾਂ ਦੇ ਦੋਸਤਾਂ ਤਕ ਇਨਸਾਨੀ ਦਿਮਾਗ਼ ਦੀਆਂ ਤਰੰਗਾਂ ਵਿਹਾਰ ਉੱਥੇ ਪੈਂਦਾ ਚੰਗਾ-ਮਾੜਾ ਅਸਰ ਪਹੁੰਚਾ ਦਿੰਦੀਆਂ ਹਨ ਪਰ ਮਾੜਾ ਅਸਰ ਵਧੇਰੇ ਛੇਤੀ ਪਹੁੰਚਦਾ ਹੈ।




ਇਸ ਖੋਜ ਨੂੰ ਕੁਝ ਅਗਾਂਹ ਵਧਾਉਂਦੇ ਹੋਏ ਫੇਸਬੁੱਕ ਅਤੇ ਸੋਸ਼ਲ ਰਾਹੀਂ ਜੁੜੇ ਦੋਸਤ ਵੀ ਸ਼ਾਮਲ ਕੀਤੇ ਗਏ। ਇਹ ਨਤੀਜਾ ਨਿਕਲਿਆ ਕਿ ਇਕ ਕਲਾਸ, ਇਕ ਕਾਲੋਨੀ, ਕੰਮਕਾਰ ਦੇ ਗਰੁੱਪ, ਫੈਕਟਰੀ ਦੇ ਕਾਮੇ, ਹਸਪਤਾਲ ਵਿਚਲੇ ਡਾਕਟਰ, ਦਫ਼ਤਰ ਦੇ ਕਰਮਚਾਰੀ, ਲੇਖਕ, ਧਾਰਮਿਕ ਆਦਿ ਕੋਈ ਵੀ ਇਕ ਗਰੁੱਪ ਵਿਚ ਮੋਟਾਪਾ, ਸ਼ਰਾਬ ਪੀਣੀ, ਸਿਗਰਟ ਪੀਣੀ, ਨਸ਼ਾ ਕਰਨਾ, ਹਥਿਆਰਾਂ ਦਾ ਸ਼ੌਕ ਪਾਲਣਾ, ਗੁਸੈਲ ਜਾਂ ਹਸਮੁੱਖ ਬਣਨਾ, ਵਾਲਾਂ ਦਾ ਨਵਾਂ ਫੈਸ਼ਨ, ਸਿਆਸੀ ਪਾਰਟੀਆਂ ਵੱਲ ਝੁਕਾਅ ਤੋਂ ਇਲਾਵਾ ਨਵੀਆਂ ਕਾਰਾਂ, ਮੋਟਰਸਾਈਕਲਾਂ, ਪੌਸ਼ਾਕਾਂ ਆਦਿ ਗੱਲ ਦੀ ਹਰ ਨਿੱਕੀ ਤੋਂ ਨਿੱਕੀ ਚੀਜ਼ 'ਤੇ ਗਰੁੱਪ ਦਾ ਅਸਰ ਪੈਂਦਾ ਹੈ। ਚਾਹੇ ਅਣਚਾਹੇ ਹੀ ਸਹੀ ਪਰ ਦਿਮਾਗ਼ ਵੱਲ ਵਾਰ-ਵਾਰ ਜਾਂਦੇ ਸੁਨੇਹਿਆਂ ਰਾਹੀਂ ਬੰਦੇ ਦੇ ਵਿਹਾਰ 'ਤੇ ਬਦੋਬਦੀ ਅਸਰ ਪੈ ਜਾਂਦਾ ਹੈ। ਇਸ ਦਾ ਮਤਲਬ ਇਹ ਹੈ ਕਿ ਇਕ ਸ਼ਖ਼ਸੀਅਤ ਦੇ ਕਿਰਦਾਰ ਦਾ ਤੀਜੇ ਗਰੁੱਪ ਤਕ ਅਸਰ ਵੇਖਿਆ ਜਾ ਸਕਦਾ ਹੈ, ਜਿਨ੍ਹਾਂ ਨੂੰ ਕਦੇ ਨਾ ਮਿਲਿਆ ਗਿਆ ਹੋਵੇ ਤੇ ਅਜਿਹਾ ਅਸਰ ਵਤੀਰੇ ਵਿਚ ਪਰਿਵਰਤਨ ਕਰਨ ਦੇ ਸਮਰੱਥ ਹੈ। ਜਦੋਂ ਫੇਸਬੁੱਕ ਜਾਂ ਵ੍ਹਟਸਐਪ ਗਰੁੱਪਾਂ ਵੱਲ ਝਾਤ ਮਾਰੀਏ ਤਾਂ ਕੁਝ ਅਜਿਹਾ ਹੀ ਨਜ਼ਰੀਂ ਪੈਂਦਾ ਹੈ। ਉੱਥੇ ਗਰੁੱਪ ਦੇ ਮੈਂਬਰ ਚੁਣਨ ਲਈ ਕੋਈ ਨਾ ਕੋਈ ਸਾਂਝ ਜਾਂ ਇਕਸੁਰਤਾ ਦੀ ਭਾਲ ਕੀਤੀ ਜਾਂਦੀ ਹੈ। ਅਜਿਹੀ ਸਾਂਝ ਹੋ ਸਕਦੇ ਹਨ। ਵੱਖ-ਵੱਖ ਥਾਵਾਂ ਤੋਂ, ਵੱਖ-ਵੱਖ ਸੋਚ ਨਾਲ, ਵੱਖਰੇ ਕਾਇਦੇ, ਵੱਖਰਾ ਖਾਣ-ਪੀਣ ਤੇ ਪਹਿਨਣ ਦਾ ਸ਼ੌਕ ਰੱਖਦੇ ਹੋਏ ਸਾਰੇ ਗਰੁੱਪ ਮੈਂਬਰਾਂ ਵਿੱਚੋਂ ਬਥੇਰੇ ਹੋਰ ਗਰੁੱਪਾਂ ਵਿਚ ਵੀ ਮੈਂਬਰ ਹੁੰਦੇ ਹਨ। ਇਨ੍ਹਾਂ ਵਿੱਚੋਂ ਕਈ ਵੱਖਰੇ ਮੁਲਕਾਂ ਦੇ ਵਾਸੀ ਵੀ ਹੁੰਦੇ ਹਨ। ਹਰ ਕੋਈ ਆਪੋ ਆਪਣੀ ਸੋਚ ਸੋਸ਼ਲ ਮੀਡੀਆ 'ਤੇ ਥੋਪਦਾ ਹੈ। ਕਈ ਉਸ ਸੋਚ ਨਾਲ ਰਲਵੀਂ ਤੇ ਕੋਈ ਉਲਟ ਵਿਚਾਰਧਾਰਾ ਰੱਖਦੇ ਹੋਏ ਆਪਣੀ ਸ਼ਮੂਲੀਅਤ ਕਰਦੇ ਰਹਿੰਦੇ ਹਨ। ਜਿਹੜਾ ਕਿਸੇ ਇਕ ਸੋਚ ਤੋਂ ਪ੍ਰਭਾਵਿਤ ਹੋ ਜਾਵੇ, ਉਹ ਅਗਲੇ ਗਰੁੱਪ ਨਾਲ ਉਸੇ ਸੋਚ ਨੂੰ ਸਾਂਝੀ ਕਰਦਾ ਹੈ। ਇਸ ਤਰ੍ਹਾਂ ਇਕ ਤਰ੍ਹਾਂ ਦੀ ਸੋਚ ਆਪੇ ਹੀ ਲੱਖਾਂ ਤਕ ਪਹੁੰਚ ਜਾਂਦੀ। ਜਿਹੜਾ ਸਭ ਤੋਂ ਵੱਧ ਮਾੜਾ ਰੁਝਾਨ ਵੇਖਣ 'ਚ ਆ ਰਿਹਾ ਹੈ, ਉਹ ਹੈ ਦੂਜੇ ਨਾਲ ਤੁਲਨਾ ਕਰਨ ਦਾ। ਮਿਸ਼ੀਗਨ ਯੂਨੀਵਰਸਿਟੀ ਵਿਚ ਲੋਕਾਂ ਦਾ ਇਕ-ਦੂਜੇ ਨੂੰ ਵੇਖ ਕੇ ਉਸੇ ਤਰ੍ਹਾਂ ਦੀ ਮਹਿੰਗੀ ਪੌਸ਼ਾਕ ਪਾਉਣ ਦਾ ਰੁਝਾਨ, ਉਸੇ ਤਰ੍ਹਾਂ ਦੀ ਮਹਿੰਗੀ ਕਾਰ, ਜੁੱਤੀਆਂ, ਗਹਿਣੇ ਆਦਿ ਨਾਲ ਜਿੱਥੇ ਫੈਸ਼ਨ ਨੂੰ ਹਵਾ ਮਿਲ ਰਹੀ ਪਾਈ ਗਈ ਜਦਕਿ ਬੱਚਿਆਂ ਦੀਆਂ ਬੇਲੋੜੀਆਂ ਮੰਗਾਂ ਕਾਰਨ ਮਾਪਿਆਂ 'ਤੇ ਪੈਸੇ ਦਾ ਵਾਧੂ ਬੋਝ ਵੀ ਪੈ ਰਿਹਾ ਹੈ। ਅਜਿਹਾ ਕਰਨ ਨਾਲ ਜਿੱਥੇ ਰਿਸ਼ਤਿਆਂ ਵਿਚ ਫਿੱਕ ਆ ਜਾਂਦੀ ਹੈ, ਉਥੇ ਕਈ ਮਾਪੇ ਕਰਜ਼ੇ ਚੁੱਕ ਕੇ ਆਪਣੇ ਬੱਚਿਆਂ ਦੀ ਫੋਕੀ ਟੌਹਰ ਬਣਾਈ ਰੱਖਣ ਲਈ ਪਿਸ ਜਾਂਦੇ ਹਨ।

**ਸੋਸ਼ਲ ਮੀਡੀਆ ਦਾ ਵਤੀਰੇ 'ਤੇ ਅਸਰ**

- ਰੋਜ਼ ਦੇਰ ਰਾਤ ਤਕ ਜਾਗਣ ਤੇ ਲਗਾਤਾਰ ਫੇਸਬੁੱਕ ਈ-ਮੇਲਜ਼, ਵ੍ਹਟਸਐਪ 'ਤੇ ਨਵੀਂ ਹਰ ਪੋਸਟ ਵੇਖਣ ਅਤੇ ਉਸ ਦਾ ਜਵਾਬ ਦੇਣ ਨਾਲ ਪੂਰੀ ਤੇ ਡੂੰਘੀ ਨੀਂਦ ਨਹੀਂ ਲਈ ਜਾ ਸਕਦੀ। ਇੰਜ ਦਿਮਾਗ਼ ਥੱਕਿਆ ਮਹਿਸੂਸ ਹੁੰਦਾ ਹੈ, ਸਿਰ ਭਾਰਾ ਲਗਦਾ ਹੈ ਤੇ ਸਰੀਰ ਚੁਸਤ ਨਹੀਂ ਰਹਿੰਦਾ। ਹੌਲੀ-ਹੌਲੀ ਤਣਾਅ ਵਧਣ ਲਗਦਾ ਹੈ। ਇਸੇ ਲਈ ਛੋਟੀ ਉਮਰ 'ਚ ਹਾਰਟ ਅਟੈਕ, ਸ਼ੂਗਰ ਰੋਗ, ਜੋੜਾਂ ਦੇ ਦਰਦ, ਐਲਰਜੀ, ਭੁੱਖ ਘਟ ਜਾਂ ਵਧ ਜਾਣਾ, ਮੋਟਾਪਾ ਆਦਿ ਸਮੱਸਿਆਵਾਂ ਵੇਖਣ ਨੂੰ ਮਿਲ ਰਹੀਆਂ ਹਨ।
- ਬੱਚਿਆਂ ਦੀਆਂ ਵਧਦੀਆਂ ਤੇ ਬੇਲੋੜੀਆਂ ਮੰਗਾਂ, ਮਾਪਿਆਂ ਵੱਲੋਂ ਸਾਰੀਆਂ ਮੰਗਾਂ ਪੂਰੀਆਂ ਨਾ ਕਰ ਸਕਣਾ, ਭੈਣ-ਭਰਾਵਾਂ 'ਚ ਅਜਿਹੀਆਂ ਮੰਗਾਂ ਕਾਰਨ ਪਾੜ ਪੈਣ ਵਰਗੇ ਵਰਤਾਰੇ ਸਾਂਝੇ ਪਰਿਵਾਰਾਂ ਨੂੰ ਵੀ ਦੋਫਾੜ ਕਰ ਰਹੇ ਹਨ।
- ਇਕ-ਦੂਜੇ ਨੂੰ ਵੇਖ ਕੇ ਕਿਸੇ ਨੂੰ ਭੰਡਣ ਜਾਂ ਨਿਖੇਧੀ ਕਰਨ ਨਾਲ ਵੀ ਪਹਿਲਾਂਆਪਣੇ ਦਿਮਾਗ਼ 'ਤੇ ਜ਼ੋਰ ਪਾਉਣਾ ਪੈਂਦਾ ਹੈ ਤੇ ਫਿਰ ਵਾਰ-ਵਾਰ ਉਸ ਦਾ ਜਵਾਬ ਪੜ੍ਹਨ ਲਈ ਤਣਾਅ ਸਹੇੜਨਾ ਪੈਂਦਾ ਹੈ। ਇੰਜ ਹੀ ਕਿਸੇ ਵੱਲੋਂ ਮਾੜਾ ਕਹੇ ਜਾਣ 'ਤੇ ਕੋਈ ਇੰਨੀ ਢਹਿੰਦੀ ਕਲਾ ਵਿਚ ਜਾ ਸਕਦਾ ਹੈ ਕਿ ਉਸ ਨੂੰ ਦਵਾਈਆਂ ਤਕ ਖਾਣੀਆਂ ਪੈ ਸਕਦੀਆਂ ਹਨ।
- ਬੇਤੁਕੀਆਂ ਖ਼ਬਰਾਂ ਤੋਂ ਉਪਜੀ ਗ਼ਲਤਫ਼ਹਿਮੀ ਚੰਗੇ ਭਲੇ ਰਿਸ਼ਤਿਆਂ 'ਚ ਪਾੜ ਪਾ ਦਿੰਦੀ ਹੈ।
- ਅਫ਼ਵਾਹਾਂ ਤੇ ਪਾਖੰਡੀ ਲੋਕਾਂ ਵੱਲੋਂ ਪਾਈਆਂ ਗਈਆਂ ਝੂਠੀਆਂ ਖ਼ਬਰਾਂ ਕਈਆਂ ਨੂੰ ਗ਼ਲਤ ਰਾਹੇ ਪਾ ਦਿੰਦੀਆਂ ਹਨ ਤੇ ਅਜਿਹੇ ਫਰੇਬ ਦੁਆਰਾ ਠੱਗੇ ਗਏ ਲੋਕ ਕਈ ਵਾਰ ਆਤਮ-ਹੱਤਿਆ ਤਕ ਕਰ ਲੈਂਦੇ ਹਨ।







**ਇਨਸਾਨ ਦੇ ਵਤੀਰੇ 'ਤੇ ਅਸਰ**

ਲਗਾਤਾਰ ਜਮ੍ਹਾ ਹੋਣ ਵਾਲਾ ਤਣਾਅ ਤੇ ਗੁੱਸਾ, ਖਰ੍ਹਵੇ ਬੋਲ ਬੋਲਣ ਲਈ ਵਿਅਕਤੀ ਨੂੰ ਮਜਬੂਰ ਕਰ ਦਿੰਦਾ ਹੈ। ਚੰਗੇ ਭਲੇ ਪਰਿਵਾਰਾਂ ਦੇ ਟੁੱਟਣ ਦੇ ਮਾਮਲੇ ਵਧ ਰਹੇ ਹਨ। ਬੱਚੇ ਮਾਪਿਆਂ ਦੇ ਆਖੇ ਨਹੀਂ ਲੱਗ ਰਹੇ ਤੇ ਅੱਗੋਂ ਜਵਾਬ ਦੇਣ ਲੱਗ ਪਏ ਹਨ। ਘਰੋਂ ਬਾਹਰ ਛੋਟੀ ਉਮਰੇ ਰਿਸ਼ਤੇ ਗੰਢੇ ਜਾ ਰਹੇ ਹਨ। ਸਮਲਿੰਗੀ ਸਬੰਧ ਵਧ ਰਹੇ ਹਨ। ਬਾਲ ਉਮਰ 'ਚ ਹੀ ਜਿਸਮਾਨੀ ਸਬੰਧ ਬਣਨੇ ਸ਼ੁਰੂ ਹੋ ਚੁੱਕੇ ਹਨ। ਅਣਵਿਆਹੀਆਂ ਮਾਵਾਂ ਦੀ ਗਿਣਤੀ ਵਧੀ ਹੈ। ਨਿੱਕੀ ਜਹੀ ਗੱਲ 'ਤੇ ਭੜਕ ਕੇ ਦੂਜੇ ਨੂੰ ਜਾਨੋਂ ਮਾਰ ਦੇਣ ਤਕ ਦੀ ਨੌਬਤ ਆ ਜਾਂਦੀ ਹੈ। ਫੋਕੀ ਵਾਹ-ਵਾਹੀ ਖੱਟਣ ਲਈ ਔਖੀਆਂ ਥਾਵਾਂ 'ਤੇ ਸੈਲਫ਼ੀਆਂ ਲਏ ਜਾਣ ਕਾਰਨ ਕਈ ਜਾਨਾਂ ਜਾ ਰਹੀਆਂ ਹਨ। ਐਕਸੀਡੈਂਟ ਵੇਲੇ ਜ਼ਖ਼ਮੀਆਂ ਦੀ ਮਦਦ ਕਰਨ ਦੀ ਥਾਂ ਫਿਲਮਾਂ ਬਣਾ ਕੇ ਅਪਲੋਡ ਕਰਨ ਦਾ ਰੁਝਾਨ ਵਧ ਰਿਹਾ ਹੈ।

**ਸਾਰ**

ਇਨਸਾਨੀ ਸਰੀਰ ਦੀ ਬਣਤਰ ਅਜਿਹੀ ਹੈ ਕਿ ਇਸ ਨੂੰ ਲਗਾਤਾਰ ਸਾਫ਼ ਸਫ਼ਾਈ ਦੀ ਲੋੜ ਰਹਿੰਦੀ ਹੈ। ਜੇ ਮੂੰਹ ਰਾਹੀਂ ਕੁਝ ਖਾਧਾ ਜਾ ਰਿਹਾ ਹੈ ਤਾਂ ਮਲ ਮੂਤਰ ਰਾਹੀਂ ਬਾਹਰ ਨਿਕਲਣਾ ਹੈ। ਕੰਨਾਂ ਅੰਦਰੋਂ ਵੀ ਕੁਦਰਤੀ ਤਰੀਕੇ ਸਫ਼ਾਈ ਰਾਹੀਂ ਮੈਲ ਬਾਹਰ ਨਿਕਲਦੀ ਰਹਿੰਦੀ ਹੈ। ਇੰਜ ਹੀ ਜਿਗਰ, ਗੁਰਦਾ, ਫੇਫੜੇ ਆਪਣੀ ਸਫ਼ਾਈ ਕਰਦੇ ਰਹਿੰਦੇ ਹਨ। ਦਿਮਾਗ਼ ਲਈ ਵੀ ਸਫ਼ਾਈ ਦੀ ਓਨੀ ਹੀ ਲੋੜ ਹੈ। ਇਸੇ ਲਈ ਦਿਨ ਭਰ ਦੀਆਂ ਸੁਣੀਆਂ ਵੇਖੀਆਂ ਗੱਲਾਂ ਵਿੱਚੋਂ ਫਜ਼ੂਲ ਚੀਜ਼ ਬਾਹਰ ਕੱਢ ਕੇ ਰਾਤ ਦੀ ਸੱਤ ਘੰਟੇ ਦੀ ਨੀਂਦ ਦੌਰਾਨ ਲੋੜੀਂਦੀਆਂ ਗੱਲਾਂ ਨੂੰ ਦਿਮਾਗ਼ ਆਪਣੀ ਹਾਰਡ ਡਿਸਕ ਉਥੇ ਫਿਕਸ ਕਰ ਲੈਂਦਾ ਹੈ। ਇਹ ਸਮਾਂ ਰਾਤ ਸਾਢੇ 9 ਤੋਂ ਸਵੇਰੇ 4.30 ਵਜੇ ਤਕ ਚੱਲਦਾ ਹੈ। ਸੋਸ਼ਲ ਮੀਡੀਆ ਨਾਲ ਜੁੜੇ ਲੋਕਾਂ ਦੇ ਦਿਮਾਗ਼ ਵੱਲ ਅਣਗਿਣਤ ਸੁਨੇਹੇ ਪਹੁੰਚਦੇ ਹਨ। ਕੁਝ ਡਰਾਉਣੇ, ਹਾਸੋਹੀਣੇ, ਘਬਰਾਹਟ ਪੈਦਾ ਕਰਨ, ਰੁਆਉਣ, ਖਿਝ ਪੈਦਾ ਕਰਨ, ਗੁੱਸਾ ਦਿਵਾਉਣ, ਢਹਿੰਦੀ ਕਲਾ ਵਾਲੇ ਤੇ ਅਜਿਹੇ ਹੀ ਵੱਖੋ-ਵੱਖਰੇ ਅਨੇਕਾਂ ਸੁਨੇਹੇ, ਜਿਨ੍ਹਾਂ ਨੂੰ ਦਿਮਾਗ਼ ਵਾਸਤੇ ਅਲੱਗ-ਅਲੱਗ ਹਿੱਸਿਆਂ ਦੀਆਂ ਫਾਈਲਾਂ 'ਚ ਸਾਂਭਦਾ ਰਹਿੰਦਾ ਹੈ। ਉਸ ਤੋਂ ਬਾਅਦ ਦਿਮਾਗ਼ ਨੇ ਸਭ ਕੁਝ ਇਕੱਠਾ ਕਰ ਕੇ ਤਰਕਕਰਨ ਵਾਲੇ ਹਿੱਸੇ ਵਿਚ ਭੇਜਣਾ ਹੁੰਦਾ ਹੈ ਤੇ ਫਿਰ ਸਿਰਫ਼ ਲੋੜੀਂਦੀ ਚੀਜ਼ ਸਾਂਭ ਕੇ ਬਾਕੀ ਕੂੜੇ ਦੇ ਢੇਰ ਉੱਥੇ ਸੁੱਟ ਦੇਣਾ ਹੁੰਦਾ ਹੈ ਸੋਸ਼ਲ ਮੀਡੀਆ ਨਾਲ ਜੁੜੇ ਬੰਦੇ ਨਾ ਤਾਂ ਪੂਰੀ ਨੀਂਦ ਲੈਂਦੇ ਹਨ ਤੇ ਨਾ ਹੀ ਲੋੜੀਂਦਾ ਸਮਾਂ ਦਿਮਾਗ਼ ਨੂੰ ਦਿੰਦੇ ਹਨ। ਰਾਤ ਨੂੰ ਸੌਣ ਲੱਗਿਆਂ ਤੇ ਫਿਰ ਉਥੇ ਸਾਰ ਮੋਬਾਈਲ ਨੂੰ ਝਪਟਾ ਮਾਰ ਕੇ ਫੜਨ ਵਾਲਾ ਰੁਝਾਨ ਦਿਮਾਗ਼ ਨੂੰ ਲੋੜੋਂ ਵੱਧ ਥਕਾ ਕੇ ਐਲਜ਼ਾਈਮਰ, ਪਾਰਕਿਨਸਨ, ਯਾਦਦਾਸ਼ਤ ਦੀ ਕਮੀ ਵਰਗੇ ਰੋਗਾਂ ਨੂੰ ਤਾਂ ਸਹੇੜ ਹੀ ਰਹੇ ਹਨ ਪਰ ਛੋਟੀ ਉਮਰੇ ਦਿਲ ਦੇ ਰੋਗ ਪਾਲ ਕੇ ਦੁਨੀਆ ਨੂੰ ਅਲਵਿਦਾ ਵੀ ਕਹਿ ਰਹੇ ਹਨ। ਇਸੇ ਲਈ ਜ਼ਰੂਰੀ ਹੈ ਸੋਸ਼ਲ ਮੀਡੀਆ ਲਈ ਖ਼ਾਸ ਸਮਾਂ ਮੁਕਰਰ ਕੀਤਾ ਜਾਵੇ ਉਹ ਵੀ ਸਿਰਫ਼ ਦੋ ਘੰਟੇ ਰੋਜ਼। ਰਾਤ ਨੂੰ ਸੌਣ ਤੋਂ ਘੰਟਾ ਪਹਿਲਾਂ ਮੋਬਾਈਲ ਨਹੀਂ ਫੜਨਾ ਤੇ ਸਵੇਰੇ ਨਾਸ਼ਤੇ ਤਕ ਵੀ ਹੱਥ ਨਹੀਂ ਲਾਉਣਾ। ਡਾਕਟਰਾਂ ਦਾ ਕੰਮ ਹੁੰਦਾ ਹੈ ਵੇਲੇ ਸਿਰ ਚੇਤੰਨ ਕਰਨਾ। ਜੇ ਹਾਲੇ ਵੀ ਮਨਮਰਜ਼ੀ ਹੀ ਕਰਨੀ ਹੈ, ਤਾਂ ਰੱਬ ਰਾਖਾ।

# ਹਿੰਦ ਦੀ ਚਾਦਰ, ਸ੍ਰੀ ਗੁਰੂ ਤੇਗ਼ ਬਹਾਦਰ ਜੀ

ਦਰਸ਼ਨ ਸਿੰਘ ਪ੍ਰੀਤੀਮਾਨ
ਮੋ: 98786-06963



ਲੋਕ ਹਿੱਤਾਂ ਲਈ ਸ਼ਹਾਦਤ ਦੇਣ ਵਾਲੇ ਸੁਰਮਿਆ ਨੂੰ ਹੀ ਸ਼ਹੀਦ ਦਾ ਦਰਜਾ ਦਿੱਤਾ ਜਾਂਦਾ ਹੈ।ਦੇਸ਼ ਕੌਮ ਦਾ ਸਰਮਾਇਆ ਸ਼ਹੀਦ ਹੀ ਹੁੰਦੇ ਹਨ। ਜਿਨ੍ਹਾਂ ਨੇ ਦੇਸ਼ ,ਕੌਮ ਤੇ ਭੀੜ ਪੈਣ ਵੇਲੇ ਆਪਣੀਆਂ ਕੀਮਤੀ ਜਾਨਾਂ ਵਾਰੀਆਂ ਹੁੰਦੀਆਂ ਹਨ। ਉਨ੍ਹਾਂ ਮਹਾਂ ਪੁਰਸ਼ਾਂ ਦੇ ਹੀ ਨਾਂ ਇਤਹਾਸ ਦੇ ਸੁਨਹਿਰੀ ਪੰਨਿਆ ਤੇ ਲਿਖੇ ਜਾਂਦੇ ਹਨ। ਸ਼ਹੀਦਾ ਦੇ ਸਿਰਤਾਜ, ਹਿੰਦ ਦੀ ਚਾਦਰ, ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਾਹਦਤ ਲਾਸਾਨੀ ਹੈ ਜਿਸ ਤੇ ਸਿੱਖ ਕੌਮ ਫਕਰ ਮਹਿਸੂਸ ਕਰਦੀ ਹੈ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਜਨਮ 1 ਮਈ 1621 ਈ: ਨੂੰ ਅਮ੍ਰਿੰਤਸਰ ਵਿਖੇ ਮਾਤਾ ਨਾਨਕੀ ਜੀ ਦੇ ਉਦਰ ਤੋਂ, ਪਿਤਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਘਰ ਹੋਇਆ।ਆਪ ਜੀ, ਗੁਰੂ ਸਾਹਿਬ ਦੇ ਪੰਜਵੇਂ ਸਭ ਤੋਂ ਛੋਟੇ ਸਪੁੱਤਰ ਸਨ।ਆਪ ਦੇ ਚਾਰ ਭਰਾ ਬਾਬਾ ਗੁਰਦਿੱਤਾ ਜੀ, ਬਾਬਾ ਸੁਰਜ ਮੱਲ ਜੀ, ਬਾਬਾ ਅਟੱਲ ਰਾਇ ਜੀ, ਬਾਬਾ ਅਣੀ ਰਾਇ ਜੀ ਅਤੇ ਇੱਕ ਭੈਣ ਵੀਰੋ ਜੀ ਸਨ।ਆਪ ਜੀ ਦਾ ਬਚਪਨ ਦਾ ਨਾਂ ਤਿਆਗ ਮੱਲ ਸੀ। ਪਰ ਤੇਗ ਦੇ ਧਨੀ ਹੋਣ ਕਾਰਨ ਆਪ ਦੇ ਪਿਤਾ ਜੀ ਨੇ ਆਪ ਨੂੰ ਤੇਗ ਬਹਾਦਰ ਕਹਿਣਾ ਸ਼ੁਰੂ ਕਰ ਦਿੱਤਾ। ਆਪ ਜੀ ਦੀ ਪੜ੍ਹਾਈ ਮੀਰੀ-ਪੀਰੀ ਦੇ ਮਾਲਕ ਸ੍ਰੀ ਹਰਿਗੋਬਿੰਦ ਸਾਹਿਬ ਜੀ ਦੀ ਨਿਗਰਾਨੀ ਹੇਠ ਹੋਈ ।ਸੰਨ 1635 ਈ: ਵਿੱਚ ਆਪ ਜੀ ਨੇ ਆਪਣੇ ਪਿਤਾ ਜੀ ਨਾਲ ਕਰਤਾਰਪੁਰ ਦੇ ਯੁਧ ਵਿੱਚ ਆਪਣੀ ਤਲਵਾਰ ਦੇ ਜੌਹਰ ਦਿਖਾਏ।ਆਪ ਜੀ ਦੀ ਸ਼ਾਦੀ 1634 ਈ: ਵਿੱਚ ਭਾਈ ਲਾਲ ਚੰਦ ਜੀ ਦੀ ਸਪੁੱਤਰੀ ਮਾਤਾ ਗੁਜਰੀ ਜੀ ਨਾਲ ਹੋਈ। ਵਿਆਹ ਤੋਂ ਤਕਰੀਬਨ 32 ਸਾਲਾਂ ਬਾਅਦ ਆਪ ਜੀ ਨੂੰ ਇੱਕ ਪੁੱਤਰ ਦੀ ਦਾਤ ਮਿਲੀ ਜਿਸ ਦਾ ਨਾਮ ਗੋਬਿੰਦ ਰਾਇ ਰੱਖਿਆ।

26 ਅਪ੍ਰੈਲ1664 ਨੂੰ ਅੱਠਵੇਂ ਗੁਰੂ ਸ੍ਰੀ ਹਰਕ੍ਰਿਸ਼ਨ ਸਾਹਿਬ ਜੀ ਸੰਗਤਾਂ ਨੂੰ ਦੋ ਸ਼ਬਦ 'ਬਾਬਾ ਬਕਾਲਾ' ਕਹਿ ਕੇ ਦਿੱਲੀ ਵਿਖੇ ਜੋਤੀ-ਜੋਤਿ ਸਮਾ ਗਏ। ਸੰਗਤਾ ਸਮਝ ਗਈਆ ਕਿ ਗੁਰਗੁੱਦੀ ਦਾ ਮਾਲਕ ਬਕਾਲੇ ਵਿੱਚ ਹੈ ਪਰ ਆਪ ਜੀ ਦੇ ਗੁਰੂ ਪ੍ਰਗਟ ਹੋਣ ਦੀ ਕਥਾ ਨਿਰਾਲੀ ਹੈ। ਉਸ ਸਮੇਂ ਕਈ ਪਾਖੰਡੀ ਗੁਰਗੱਦੀ ਦਾ ਨਾਜਾਇਜ਼ ਫਾਇਦਾ ਉਠਾਉਣ ਲਈ ਗੁਰੂਗੱਦੀ ਦੇ ਦਾਅਵੇਦਾਰ ਬਣ ਬਕਾਲੇ ਆ ਇਕੱਠੇ ਹੋਣ ਲੱਗੇ। ਉਥੇ 22 ਗੁਰੂ ਬਣ ਬੈਠੇ। ਸ਼ਰਦਾਲੂ ਭੁਲੇਖਾ ਖਾਣ ਲੱਗੇ।

ਇੱਕ ਸਾਲ ਪਿੱਛੋਂ ਭਾਈ ਮੱਖਣ ਸ਼ਾਹ ਲੁਬਾਣਾ ,ਜਿਸ ਦਾ ਜਹਾਜ਼ ਸਮੁੰਦਰ ਦੀ ਘੁੰਮਣ-ਘੇਰੀ ਵਿੱਚੋਂ ਗੁਰੂ ਜੀ ਦੀ ਕ੍ਰਿਪਾ ਨਾਲ ਪਾਰ ਲੱਗਾ ਸੀ ਤਾਂ ਭਾਈ ਮੱਖਣ ਸ਼ਾਹ ਆਪਣੀ ਸੁੱਖ ਦੀਆਂ 500 ਮੋਹਰਾਂ ਲੈ ਕੇ ਬਾਬਾ ਬਕਾਲੇ ਆਇਆ। ਉਸ ਨੇ ਭੇਖੀ ਗੁਰੂਆ ਅੱਗੇ ਪੰਜ-ਪੰਜ ਮੋਹਰਾਂ ਰੱਖ ਕੇ ਮੱਥਾ ਟੇਕਿਆ ਜਦ ਅੰਤਰਯਾਮੀ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਨਿਵਾਸ ਅਸਥਾਨ ਤੇ ਗਿਆ ਤਾਂ ਉੱਥੇ ਵੀ ਗੁਰੂ ਜੀ ਅੱਗੇ 5 ਮੋਹਰਾਂ ਰੱਖ ਕੇ ਮੱਥਾ ਟੇਕਿਆ ਤਾਂ ਸੱਚੇ ਗੁਰੂ ਸ੍ਰੀ ਗੁਰੂ ਤੇਗ਼ ਬਦਾਹਰ ਜੀ ਨੇ, ਭਾਈ ਮੱਖਣ ਸ਼ਾਹ ਲੁਬਾਣੇ ਨੂੰ ਯਾਦ ਕਰਵਾਇਆ ਕਿ ਪੰਜ ਸੌ ਮੋਹਰਾਂ ਸੁੱਖ ਕੇ 5 ਮੋਹਰਾਂ ਭੇਟਾ ਕੀਤੀਆ ਤਾਂ ਭਾਈ ਮੱਖਣ ਸ਼ਾਹ ਲੁਬਾਣਾ ਨੇ ਸੱਚੇ ਅੰਤਰਯਾਮੀ ਗੁਰੂ ਨੂੰ ਲੱਭ ਲਿਆ ਤੇ ਕੋਠੇ ਤੇ ਚੜ੍ਹ ਕੇ ਹੋਕਾ ਦਿੱਤਾ, ਉਚੀ-ਉੱਚੀ ਰੌਲਾ ਪਾਇਆ, 'ਗੁਰੂ ਲਾਧੋ ਰੇ! ਗੁਰੂ ਲਾਧੋ ਰੇ!'

ਜਦ ਸੰਗਤਾਂ ਨੂੰ ਅਸਲੀਅਤ ਦਾ ਪਤਾ ਲੱਗਾ, ਤਾਂ ਸੰਗਤਾਂ ਪਾਖੰਡੀਆਂ ਨੂੰ ਛੱਡ ਸੱਚੇ ਗੁਰੂ ਦੇ ਲੜ ਲੱਗ ਗਈਆਂ। ਬਾਬਾ ਧੀਰ ਮੱਲ ਇਹ ਗੱਲ ਸਹਾਰ ਨਾ ਸਕਿਆ।ਉਸ ਨੇ ਸ਼ੀਹੇ ਮਸੰਦ ਨੂੰ ਲਾਲਚ ਦੇ ਕੇ ਗੁਰੂ ਤੇਗ ਬਹਾਦਰ ਜੀ ਤੇ ਗੋਲੀ ਚਲਾਈ ਪਰ ਗੁਰੂ ਜੀ ਵਾਲ ਵਾਲ ਬਚ ਗਏ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਦੂਰ-ਦੂਰ ਤੀਕ ਧਰਮ ਪ੍ਰਚਾਰ ਕਰਨਾ ਆਰੰਭ ਕਰ ਦਿੱਤਾ। ਆਪ ਜੀ ਬਕਾਲੇ ਤੋਂ ਕਰਤਾਰਪੁਰ ਦੇ ਰਸਤੇ ਕੀਰਤਨਪੁਰ ਪੁੱਜੇ। ਕਹਿਲੂਰ ਦੇ ਰਾਜੇ ਦੀਪ ਚੰਦ ਤੋਂ ਪਿੰਡ ਮਾਖੋਵਾਲ ਦੀ ਜਮੀਨ ਮੁੱਲ ਲੈ ਕੇ ਸੰਨ 1665 ਵਿੱਚ ਆਨੰਦਪੁਰ ਸਾਹਿਬ ਨਗਰ ਵਸਾਇਆ। ਜਿੱਥੇ ਗੁਰੂ ਗੋਬਿੰਦ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ।

ਜਦੋਂ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਦੀ ਪਾਲਣਾ ਕਰਦਿਆਂ ਕਸ਼ਮੀਰ ਦਾ ਗਵਰਨਰ ਸ਼ੇਰ ਅਫ਼ਗਾਨ ਖਾਂ ਨੇ ਤਲਵਾਰ ਦੇ ਜ਼ੋਰ ਤੇ ਕਸ਼ਮੀਰੀ ਪੰਡਿਤਾਂ ਨੂੰ ਮੁਸਲਮਾਨ ਬਣਾਉਣਾ ਆਰੰਭਿਆ ਤਾਂ 25 ਮਈ 1675 ਈ: ਨੂੰ ਕਸ਼ਮੀਰੀ ਪੰਡਤਾਂ ਦਾ ਵੱਡਾ ਜਥਾ ਸ੍ਰੀ ਕਿਰਪਾ ਰਾਮ ਦੀ ਅਗਵਾਈ ਵਿੱਚ ਅਨੰਦਪੁਰ ਸਾਹਿਬ ਸ੍ਰੀ ਗੁਰੂ ਤੇਗ਼ ਬਹਾਦਰ ਜੀ ਕੋਲ ਆਪਣੀ ਫ਼ਰਿਆਦ ਲੈ ਕੇ ਆਇਆ ਤੇ ਗੁਰੂ ਜੀ ਨੂੰ ਕਸ਼ਮੀਰੀ ਪੰਡਤਾਂ ਨੇ ਦੱਸਿਆ ਕੇ ਮੁਗਲ ਬਾਦਸ਼ਾਹ ਔਰੰਗਜ਼ੇਬ ਹਿੰਦੂਆਂ ਨੂੰ ਜਬਰੀ ਮੁਸਲਮਾਨ ਬਣਾਉਣ ਬਾਰੇ ਧਮਕਾ ਰਿਹਾ ਹੈ। ਪੰਡਤ ਡਰੇ ਹੋਏ ਸਨ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਪੰਡਤਾਂ ਨੂੰ ਕਿਹਾ ਕਿ ਕਿਸੇ ਵੱਡੀ ਸਖਸ਼ੀਅਤ ਨੂੰ ਕੁਰਬਾਨੀ ਦੇਣੀ ਪਵੇਗੀ। ਕੋਲ ਖੜੇ ਅੱਠ ਨੌਂ ਸਾਲਾਂ ਦੀ ਉਮਰ ਵਿੱਚ ਬਾਲਕ ਗੋਬਿੰਦ ਰਾਏ ਜੀ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਇਸ ਕੰਮ ਲਈ ਆਪ ਜੀ ਤੋਂ ਹੋਰ ਕਿਹੜੀ ਹਸਤੀ ਵੱਡੀ ਹੈ। ਬਾਲਕ ਗੋਬਿੰਦ ਰਾਏ ਜੀ ਦਾ ਕਹਿਣਾ ਮੰਨ ਗੁਰੂ ਜੀ ਨੇ ਕਸ਼ਮੀਰੀ ਪੰਡਤਾਂ ਨੂੰ ਆਖ ਦਿੱਤਾ ਕਿ ਜਾਓ, ਮੁਗਲ ਹਕੂਮਤ ਨੂੰ ਆਖ ਦਿਓ ਕਿ ਉਹ ਮੈਨੂੰ (ਗੁਰੂ ਤੇਗ ਬਹਾਦਰ ਸਾਹਿਬ) ਨੂੰ ਮੁਸਲਮਾਨ ਬਣਾ ਲੈਣਗੇ ਤਾਂ ਅਸੀਂ ਕਸ਼ਮੀਰੀ ਪੰਡਤ ਵੀ ਮੁਸਲਮਾਨ ਬਣ ਜਾਵਾਗੇ।ਗੁਰੂ ਜੀ ਦਾ ਸੁਨੇਹਾ ਲੈ ਕੇ ਕਸ਼ਮੀਰੀ ਪੰਡਤ ਦਿੱਲੀ ਜਾ ਕੇ ਔਰੰਗਜ਼ੇਬ ਬਾਦਸ਼ਾਹ ਨੂੰ ਮਿਲੇ। ਗੁਰੂ ਸਾਹਿਬ ਨੂੰ ਬੁਲਾਵਾ ਆ ਗਿਆ।

ਗੁਰੂ ਜੀ ਧਰਮ ਪ੍ਰਚਾਰ ਕਰਦੇ ਹੋਏ ਅਨੰਦਪੁਰ ਤੋਂ ਆਪਣੇ ਖਾਸ ਪੰਜ ਸੇਵਕਾਂ ਦੇ ਨਾਲ ਆਗਰੇ ਪੁੱਜੇ। ਭਾਈ ਮਤੀਦਾਸ ਜੀ, ਭਾਈ ਦਿਆਲਾ ਜੀ, ਭਾਈ ਗੁਰਦਿੱਤਾ ਜੀ, ਭਾਈ ਜੈਤਾ ਜੀ, ਭਾਈ ਸਤੀਦਾਸ ਜੀ।ਜਦ ਗੁਰੂ ਜੀ ਦੇ ਪ੍ਰਚਾਰ ਦੀ ਸੂਚਨਾ ਔਰੰਗਜ਼ੇਬ ਪਾਸ ਪਹੁੰਚੀ ਤਾਂ ਉਸ ਨੇ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਨ ਦੇ ਹੁਕਮ ਦਿੱਤੇ। ਗੁਰੂ ਜੀ ਨੂੰ ਉਹਨਾਂ ਦੇ ਸਿੱਖਾਂ ਸਮੇਤ ਗ੍ਰਿਫ਼ਤਾਰ ਕਰ ਲਿਆ। ਗੁਰੂ ਨੂੰ ਇਸਲਾਮ ਧਰਮ ਕਬੂਲ ਨਾ ਕਰਨ ਕਰਕੇ ਚਾਂਦਨੀ ਚੌਂਕ ਦੀ ਕੋਤਵਾਲੀ ਵਿੱਚ ਬਹੁਤ ਤੰਗ ਕੀਤਾ ਗਿਆ।

ਸ਼੍ਰੀ ਗੁਰੂ ਤੇਗ ਬਹਾਦਰ ਜੀ ਨੂੰ ਮੌਕੇ ਦੀ ਜਾਲਮ ਹਕੂਮਤ ਨੇ ਡਰਾਉਣ ਦੀ ਖਾਤਰ ਪਹਿਲਾਂ ਭਾਈ ਮਤੀ ਦਾਸ ਜੀ ਨੂੰ ਉਨ੍ਹਾਂ ਦੇ ਸਾਹਮਣੇ ਆਰੇ ਨਾਲ ਚੀਰ ਦਿੱਤਾ ਗਿਆ।

ਫਿਰ ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿੱਚ ਪਾ ਕੇ ਸ਼ਹੀਦ ਕੀਤਾ ਤੇ ਫਿਰ ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਜਿਉਂਦੇ ਨੂੰ ਸਾੜ ਦਿੱਤਾ ਗਿਆ।

ਇਸੇ ਤਰ੍ਹਾਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ 8 ਦਸੰਬਰ 1675 ਈ: ਨੂੰ ਚਾਂਦਨੀ ਚੌਂਕ ਵਿੱਚ ਸ਼ਹੀਦ ਕਰ ਦਿੱਤਾ ਗਿਆ। ਜਲਾਲ-ਉਦੀਨ ਸਮਾਣੇ ਵਾਲੇ ਜੱਲਾਦ ਨੇ ਤਲਵਾਰ ਨਾਲ ਗੁਰੂ ਜੀ ਦਾ ਸੀਸ,ਧੜ ਨਾਲੋਂ ਵੱਖ ਕਰ ਦਿੱਤਾ। ਇਸ ਸਥਾਨ ਉੱਤੇ



ਗੁਰਦੁਆਰਾ ਸੀਸ ਗੰਜ ਹੈ।ਲੱਖਾਂ ਸ਼ਰਧਾਲੂ ਧਰਮ ਰੱਖਿਅਕ, ਸ਼ਹੀਦਾਂ ਦੇ ਸਿਰਤਾਜ, ਹਿੰਦੀ ਦੀ ਚਾਦਰ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਪਹੁੰਚਦੇ ਹਨ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ 15 ਰਾਗਾਂ ਦੀ ਰਚਨਾ ਕੀਤੀ ਜਿਵੇਂ ਰਾਗ ਗਾਉੜੀ,ਆਸਾ ਰਾਗ,ਦੇਵ ਗੰਧਾਰ, ਬਿਹਾਰਜਾ, ਸੋਰਿਠ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਹਾਵਲ, ਰਾਮਕਲੀ,ਮਾਰੂ, ਬਸੰਤ, ਸਾਰੰਗ, ਜੈਜਾਵੰਤੀ ਵਿੱਚ 57 ਸ਼ਲੋਕ 59 ਸ਼ਬਦਾਂ ਦੀ ਰਚਨਾ ਕੀਤੀ।ਗੁਰੂ ਜੀ ਦੁਆਰਾ ਰਚਿਤ ਜੈਜਾਵੰਤੀ ਰਾਗ ਨਾਲ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਾਗਾਂ ਦੀ ਗਿਣਤੀ 31 ਹੋ ਗਈ। ਇਸ ਰਾਗ ਵਿੱਚ ਗੁਰੂ ਜੀ ਦੇ ਚਾਰ ਸ਼ਬਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜੋ ਅੰਗ 1352 ਤੇ ਸੁਸ਼ੋਭਿਤ ਹਨ।

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਉਪਦੇਸ਼:

ਗੁਰੂ ਸਾਹਿਬ ਜੀ ਜਗਤ ਦੀ ਰਚਨਾ ਬਾਰੇ ਫਰਮਾਉਂਦੇ ਹਨ:

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥
ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ ॥
ਸਮ ਸੁਪਨੈ ਕੈ ਇਹ ਜਗੁ ਜਾਨੁ ॥
ਬਿਨਸੈ ਛਿਨ ਮੈਂ ਸਾਚੀ ਮਾਨ ॥

ਜਗਤ ਦੀ ਕੋਈ ਵੀ ਚੀਜ਼ (ਵਸਤੂ) ਸਦਾ ਨਾਲ ਰਹਿਣ ਵਾਲੀ ਨਹੀਂ।ਇਨਸਾਨ ਦਾ ਤਨ ਵੀ ਉਸਦਾ ਸਾਥ ਨਹੀਂ ਦਿੰਦਾ ਪਰ ਇਨਸਾਨ ਇਸ ਗੱਲ ਤੋਂ ਬੇਖਬਰ ਹੈ ਤਾਂ ਗੁਰੂ ਜੀ ਨੀਂਦ ਤੋਂ ਜਗਾਉਂਦੇ ਹਨ।

ਜਾਗ ਲੇਹ ਰੇ ਮਨਾ ਜਾਗ ਲੇਹ ਕਹਾ ਗਾਫਲ ਸੋਇਆ ॥
ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨਾ ਹੋਇਆ ॥

ਸੁੱਖਾਂ ਦੀ ਪ੍ਰਾਪਤੀ ਲਈ ਇਨਸਾਨ ਹੋਰ ਦੁੱਖ ਭੋਗਦਾ ਹੈ ਜੋ ਅਕਾਲ ਪੁਰਖ ਨੂੰ ਭਾਉਂਦਾ ਹੈ,ਉਹੀ ਹੁੰਦੀ ਹੈ ਸੋ ਰੱਬ ਦੀ ਰਜ਼ਾ ਮੰਨਣ ਵਿੱਚ ਹੀ ਸੁੱਖ ਹੈ।ਗੁਰੂ ਜੀ ਫਰਾਉਂਦੇ ਹਨ।

ਜਉ ਸੁਖ ਕਉ ਚਾਹੈ ਸਦਾ ਸ਼ਰਨਿ ਰਾਮ ਕੀ ਲੇਹ ॥
ਭੈ ਨਾਸ਼ਨ ਦੁਰਮਤਿ ਹਰਨ ਕਲਿ ਮੈਂ ਹਰਿ ਕੋ ਨਾਮੁ ॥
ਨਿਸਿ ਦਿਨ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ ॥

ਸਾਰੀ ਉਮਰ ਮਨੁੱਖ ਮਾਇਆ ਦੇ ਚੱਕਰ ਵਿੱਚ ਆਪਣੇ ਆਪ ਨੂੰ ਉਲਝਾਈ ਰੱਖਦਾ ਹੈ ਤਾਂ ਗੁਰੂ ਜੀ ਦੱਸਦੇ ਹਨ।

ਭੂਲਿਓ ਮਨੁ ਮਾਇਆ ਉਰਝਾਇਓ ॥
ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ ॥
ਮਗਨ ਰਹਿਓ ਮਾਇਆ ਮੈ ਨਿਸ ਦਿਨਿ ਛੁਟੀ ਨ ਮਨ ਕੀ ਕਾਈ ॥

ਗੁਰੂ ਜੀ ਫ਼ਰਮਾਉਂਦੇ ਹਨ ਜੇ ਕੋਈ ਛੋਟਾ ਜਿਹਾ ਕੰਮ ਕਰਦਾ ਹੈ ਉਸ ਅੰਦਰ ਹੰਕਾਰ ਹੋਰ ਵੱਧ ਜਾਂਦਾ ਹੈ।

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫ਼ਲ ਜਾਤ ਤਿਹ ਜਿਉ ਕੁੰਚਨ ਇਸ਼ਨਾਨੁ ॥

ਗੁਰੂ ਜੀ ਅੱਗੇ ਫ਼ਰਮਾਉਂਦੇ ਹਨ ਕਿ ਕਾਮ,ਕ੍ਰੋਧ, ਮੋਹ ਆਦਿ ਸਭ ਤੋਂ ਦੂਰ ਰਹਿਣਾ ਚਾਹਿਦਾ ਹੈ।

ਸਾਧੋ ਮਨ ਕਾ ਮਾਨੁ ਤਿਆਗਉ ॥
ਕਾਮੁ ਕ੍ਰੋਧ ਸੰਗਤਿ ਦੁਰਜਨ ਕੀਤਾ ਤੇ ਆਹਿਨਿਸਿ ਭਾਗਉ ॥

ਗੁਰੂ ਜੀ ਫ਼ਰਮਾਉਂਦੇ ਹਨ ਕਿ ਮਨ ਵਸ ਕਰਨਾ ਬਹੁਤ ਔਖਾ ਹੈ। ਇਹ ਹਰ ਵੇਲੇ ਵਿਸ਼ੇ ਵਿਕਰਾਂ ਵੱਲ ਹੀ ਦੌੜਦਾ ਰਹਿੰਦਾ ਹੈ। ਨਿੰਦਾ ਚੁਗਲੀ ਇਸਨੂੰ ਚੰਗੇ ਮਿੱਠੇ ਲੱਗਦੇ ਹਨ।

ਮਾਈ ਮਨੁ ਮੇਰੋ ਬਸਿ ਨਾਹਿ ॥
ਨਿਸ ਬਾਸੁਰ ਬਿਖਿਆਨ ਕਉ ਧਾਵਤ ਕਿਹਿ ਬਿਧਿ ਰੋਕਉ ਤਾਹਿ ॥

ਗੁਰੂ ਜੀ ਦੀ ਬਾਣੀ ਸ਼ਾਤੀ ਦੇਣ ਵਾਲੀ ਤੇ ਪਰਮਾਤਮਾ ਦੇ ਗੀਤ ਗਾਉਣ ਦੀ ਪ੍ਰੇਮਨਾ ਦੇਣ ਵਾਲੀ ਹੈ।

ਚਿੰਤਾ ਤਾਕੀ ਕੀਜੀਐ ਜੋ ਅਨਹੋਣੀ ਹੋਇ ॥
ਇਹ ਮਾਰਗ ਸੰਸਾਰ ਮੈਂ ਨਾਨਕ ਥਿਰੁ ਨਹੀਂ ਕੋਇ ॥

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਸਾਨੂੰ ਵਿਸ਼ੇ ਵਿਕਾਰਾਂ ਕਾਮ, ਕ੍ਰੋਧ, ਮੋਹ, ਹੰਕਾਰ ਆਦਿ ਤੋਂ ਦੂਰ ਰਹਿਣ ਲਈ, ਮਾਇਆ ਦੇ ਚੱਕਰ ਵਿੱਚ ਉਲਝਣ ਤੋਂ ਬਚਣ ਲਈ ਰਸਤਾ ਦੱਸਦੀ ਹੈ।ਗੁਰੂ ਜੀ ਦੀ ਬਾਣੀ ਦੱਸਦੀ ਹੈ ਕਿ ਕੋਈ ਚੀਜ਼ ਸਦਾ ਨਾਲ ਰਹਿਣ ਵਾਲੀ ਨਹੀਂ , ਨਾਲ ਜਾਣ ਵਾਲੀ ਨਹੀਂ। ਇੱਕ ਪ੍ਰਭੂ ਦਾ ਨਾਮ ਹੀ ਸਭ ਬੁਰਾਈਆਂ ਤੋਂ ਛੁਟਕਾਰਾ ਪਵਾ ਸਕਦਾ ਹੈ । ਗੁਰੂ ਜੀ ਦੀ ਕੁਰਬਾਨੀ ਨੇ ਹੀ ਲੋਕਾਂ ਦੀ ਸੋਚਣੀ ਵਿੱਚ ਇਨਕਲਾਬ ਲਿਆਂਦਾ।

ਧੰਨ-ਧੰਨ ਸ੍ਰੀ ਗੁਰੂ ਤੇਗ਼ ਬਹਾਦਰ ਜੀ।

# ਸਾਹਿਬ-ਏ-ਕਮਾਲ ਕਲਗੀਧਰ ਦਸ਼ਮੇਸ਼ ਗੁਰੂ ਗੋਬਿੰਦ ਸਿੰਘ ਜੀ



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਗੱਦੀ ਦੀ ਬਖਸ਼ਿਸ਼ 11 ਨਵੰਬਰ 1675 ਈ: ਨੂੰ (ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਵਾਲੇ ਦਿਨ) 9 ਸਾਲ ਦੀ ਉਮਰ ਵਿੱਚ ਹੋਈ। ਬਾਬਾ ਬੁੱਢਾ ਜੀ ਦੀ ਅੰਸ ਵਿੱਚੋਂ ਬਾਬਾ ਰਾਮ ਕੰਵਰ ਜੀ ਨੇ ਮਰਿਆਦਾ ਅਨੁਸਾਰ ਆਪ ਜੀ ਨੂੰ ਕਲਗੀ ਸਜਾ ਕੇ ਤੇ ਗੁਰਗੱਦੀ ਦਾ ਤਿਲਕ ਲਾ ਕੇ ਗੁਰਿਆਈ ਦੀ ਰਸਮ ਅਦਾ ਕੀਤੀ।ਉਸ ਸਮੇਂ ਉਹਨਾਂ ਸਾਹਮਣੇ ਪਹਾੜ ਜਿੱਡੀਆਂ ਔਕੜਾਂ ਮੂੰਹ ਅੱਡੀ ਖੜੀਆਂ ਸਨ।ਮੁਗਲ ਬਾਦਸ਼ਾਹ ਔਰੰਗਜ਼ੇਬ ਦਾ ਰਾਜ ਸੀ। ਉਹ ਬਹੁਤ ਹੀ ਕੱਟੜ ਸੁੰਨੀ ਮੁਸਲਮਾਨ ਸੀ। ਉਹ ਇਸਲਾਮ ਤੋਂ ਇਲਾਵਾ ਕਿਸੇ ਹੋਰ ਧਰਮ ਦੀ ਹੋਂਦ ਨੂੰ ਸਹਿਣ ਕਰਨ ਨੂੰ ਤਿਆਰ ਨਹੀ ਸੀ। ਇਸੇ ਲਈ ਤਾਂ ਉਸਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਸੀ। ਔਰੰਗਜ਼ੇਬ ਦੇ ਵੱਧਦੇ ਹੋਏ ਜ਼ੁਲਮਾਂ ਨੂੰ ਰੋਕਣਾ ਬਹੁਤ ਹੀ ਜਰੂਰੀ ਹੋ ਗਿਆ ਸੀ। ਪਹਾੜੀ ਰਾਜੇ ਵੀ ਗੁਰੂ ਘਰ ਦੇ ਵਿਰੋਧੀ ਸਨ। ਤੀਜੇ ਧੀਰਮੱਲੀਏ, ਰਾਮਰਈਏ ਤੇ ਮੀਣੇ ਗੁਰਗੱਦੀ ਨਾ ਮਿਲਣ ਕਾਰਨ ਗੁਰੂ ਘਰ ਵਿਰੁੱਧ ਸਾਜਿਸ਼ਾਂ ਰਚ ਰਹੇ ਸਨ। ਚੌਥਾ ਮਸੰਦ ਪ੍ਰਣਾਲੀ ਵਿੱਚ ਦੋਸ਼ ਆ ਗਏ ਸਨ। ਉਸ ਸਮੇਂ ਹਿੰਦੂ ਵੀ ਸਦੀਆਂ ਦੀ ਗੁਲਾਮੀ ਕਾਰਨ ਉਤਸ਼ਾਹਹੀਨ ਸਨ। ਸਿੱਖਾਂ ਨੂੰ ਮੁੜ ਤੋਂ ਸੰਗਠਿਤ ਕਰਨ ਅਤੇ ਉਹਨਾਂ ਵਿੱਚ ਨਵੀਂ ਰੂਹ ਫੂਕਣ ਦੀ ਲੋੜ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦਾ ਉਦੇਸ਼ ਸੰਸਾਰ ਵਿੱਚੋਂ ਜ਼ੁਲਮ ਦਾ ਨਾਸ਼ ਕਰਨਾ ਸੀ। ਆਪਣੇ ਇਸੇ ਉਦੇਸ਼ ਦੀ ਪੂਰਤੀ ਲਈ ਖਾਲਸੇ ਦੀ ਸਿਰਜਣਾ ਕਰਨੀ ਪਈ। 30 ਮਾਰਚ 1699 ਈ: ਨੂੰ ਗੁਰੂ ਸਾਹਬ ਨੇ ਹੱਥ ਵਿੱਚ ਨੰਗੀ ਤਲਵਾਰ ਲੈ ਕੇ ਜਦ ਪੰਜ ਸਿਰਾਂ ਦੀ ਮੰਗ ਕੀਤੀ ਤਾਂ ਪੰਡਾਲ ਵਿੱਚ ਸੰਨਾਟਾ ਛਾ ਗਿਆ। ਇਸ ਤਰ੍ਹਾਂ 'ਖਾਲਸਾ ਪੰਥ' ਦੀ ਸਿਰਜਨਾ ਕੀਤੀ।ਐਸਾ ਅੰਮ੍ਰਿਤਧਾਰੀ ਖਾਲਸਾ ਸਾਜਿਆ, ਜਿਹੜਾ ਲੱਖਾਂ ਦੀ ਭੀੜ ਵਿੱਚੋਂ ਵੀ ਪਛਾਣਿਆ ਜਾਂਦਾ ਹੈ। ਇਸ ਤੋਂ ਬਾਅਦ ਗੁਰੂ ਸਾਹਬ ਨੇ ਆਪ ਉਹਨਾਂ ਕੋਲੋਂ ਅੰਮ੍ਰਿਤ ਦੀ ਪਵਿੱਤਰ ਦਾਤ ਪ੍ਰਾਪਤ ਕਰਕੇ 'ਗੋਬਿੰਦ ਰਾਏ' ਤੋਂ 'ਗੋਬਿੰਦ ਸਿੰਘ' ਬਣ 'ਆਪੇ ਗੁਰ ਚੇਲਾ' ਅਖਵਾਏ।

ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।

ਖਾਲਸਾ ਪੰਥ ਦੀ ਸਿਰਜਨਾ ਸਿੱਖ ਇਤਹਾਸ ਦੀ ਇੱਕ ਅਤਿਅੰਤ ਘਟਨਾ ਮੰਨੀ ਜਾਂਦੀ ਹੈ। ਇਸ ਨਾਲ ਨਾ ਸਿਰਫ ਪੰਜਾਬ ਦੇ ਇਤਿਹਾਸ ਸਗੋਂ ਭਾਰਤ ਦੇ ਇਤਹਾਸ ਵਿੱਚ ਵੀ ਨਵਾਂ ਮੋੜ ਆਇਆ। ਅਸਲ ਵਿੱਚ ਖਾਲਸਾ ਪੰਥ ਦੀ ਸਿਰਜਨਾ ਦੇ ਬੜੇ ਦੂਰਗਾਮੀ ਸਿੱਟੇ ਨਿਕਲੇ, ਕਿਉਂਕਿ ਜਾਤ-ਪਾਤ ਦੀ ਪ੍ਰਥਾ ਭਾਰਤੀ ਸਮਾਜ ਦੀ ਸਭ ਤੋਂ ਵੱਡੀ ਕਮਜੋਰੀ ਰਹੀ ਹੈ। ਗੁਰੂ ਸਾਹਬ ਨੇ ਜਿਸ ਕਮਾਲ ਨਾਲ ਇਸ ਬੁਰਾਈ ਦਾ ਅੰਤ ਕੀਤਾ, ਉਹ ਭਾਰਤੀ ਇਤਹਾਸ ਵਿੱਚ ਲਾਮਿਸਾਲ ਹੈ, ਕਿਉਂਕਿ ਇੱਕੋਂ ਬਾਟੇ ਵਿੱਚੋਂ ਛੀਬਿਆਂ, ਨਾਈਆਂ ਅਤੇ ਝੀਰਾਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਅਥਵਾ ਅਕਾਲ ਪੁਰਖ ਦੀ ਫੌਜ ਦੇ ਨਿੱਡਰ ਸਿਪਾਹੀਆਂ ਦਾ ਰੂਪ ਦੇ ਦਿੱਤਾ। ਸਦੀਆਂ ਤੋਂ ਲਿਤਾੜੀ ਜਾ ਰਹੀ ਔਰਤ ਨੂੰ ਵੀ ਅੰਮ੍ਰਿਤ ਛਕਾ ਕੇ ਸਮਾਜ ਵਿੱਚ ਬਰਾਬਰੀ ਦਾ ਅਧਿਕਾਰ ਦਿੱਤਾ। ਪ੍ਰਸਿੱਧ ਲੇਖਕ ਹਕੀਮ ਅੱਲ੍ਹਾ ਯਾਰ ਖਾਂ ਜੋਗੀ 'ਗੰਜਿ ਸ਼ਹੀਦਾਂ' ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਸਖਸ਼ੀਅਤ ਬਾਰੇ ਲਿੱਖਦੇ ਹਨ ਕਿ:

ਇਨਸਾਫ ਕਰੇ ਜੀ ਮੇਂ ਜ਼ਮਾਨਾ ਤੋਂ ਯਕੀਂ ਹੈ।
ਕਹਿ ਦੇ ਗੁਰੂ ਗੋਬਿੰਦ ਸਿੰਘ ਕਾ ਸਾਨੀ ਹੀ ਨਹੀਂ ਹੈ।

ਗੁਰੂ ਸਾਹਬ ਜੀ ਦੀ ਚੜ੍ਹਦੀ ਕਲਾ ਵੇਖ ਕੇ ਪਹਾੜੀ ਰਾਜਿਆਂ ਦੀ ਨੀਂਦ ਹਰਾਮ ਹੋ ਗਈ। ਕਹਿਨੂਰ ਦੇ ਰਾਜੇ ਭੀਮ ਚੰਦ ਦੀ ਰਿਆਸਤ ਵਿੱਚ ਅਨੰਦਪੁਰ ਸਥਿੱਤ ਸੀ। ਗੁਰੂ ਜੀ ਨੂੰ ਅਨੰਦਪੁਰ ਛੱਡਣ ਲਈ ਕਿਹਾ ਗਿਆ।(ਇਹ ਜ਼ਮੀਨ ਗੁਰੂ ਤੇਗ ਬਹਾਦਰ ਜੀ ਨੇ ਪੈਸੇ ਦੇ ਕੇ ਮੁੱਲ ਖਰੀਦੀ ਸੀ)। 1701 ਈ: ਵਿੱਚ ਰਾਜਾ ਭੀਮ ਚੰਦ ਨੇ ਪਹਾੜੀ ਰਾਜਿਆਂ ਨਾਲ ਮਿਲ ਕੇ ਗੁਰੂ ਸਾਹਿਬ ਤੇ ਅਨੰਦਪੁਰ ਵਿੱਚ ਹਮਲਾ ਕਰ ਦਿੱਤਾ। ਸਿੱਖਾਂ ਨੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਸਫਲਤਾ ਨਾ ਮਿਲਣ ਤੇ ਪਹਾੜੀ ਰਾਜਿਆਂ ਨੇ ਗੁਰੂ ਸਾਹਬ ਨਾਲ ਸੰਧੀ ਕਰ ਲਈ ਜੋ ਇੱਕ ਚਾਲ ਸੀ। ਇਸ ਤੋਂ ਬਾਅਦ ਕੀਰਤਪੁਰ ਦੇ ਨੇੜੇ ਨਿਰਮੋਹ ਪਿੰਡ ਦੀ ਲੜਾਈ 1702 ਈ: ਵਿੱਚ ਹੋਈ। ਜਿਸ ਵਿੱਚ ਖਾਲਸਾ ਜੇਤੂ ਰਿਹਾ। ਫਿਰ 1704 ਈ: ਵਿੱਚ ਅਨੰਦਪੁਰ ਸਾਹਿਬ ਦੀ ਦੂਸਰੀ ਲੜਾਈ ਹੋਈ। ਜੋ ਕਾਫੀ ਲੰਬੀ ਚਲੀ। ਜਿਸ ਵਿੱਚ 40 ਸਿੰਘ ਬੇਦਾਵਾ ਦੇ ਕੇ ਗੁਰੂ ਤੋਂ ਬੇਮੁੱਖ ਹੋ ਕੇ ਚਲੇ ਗਏ ਸਨ। ਗੁਰੂ ਜੀ ਡਟੇ ਰਹੇ, ਪਰ ਮਾਤਾ ਗੁਜਰੀ ਜੀ ਅਤੇ ਕੁੱਝ ਸਿੰਘਾਂ ਦੇ ਕਹਿਣ ਤੇ ਆਪ ਨੇ ਅਨੰਦਪੁਰ ਦੇ ਕਿਲੇ ਨੂੰ ਛੱਡ ਦਿੱਤਾ। ਕਿਲੇ ਨੂੰ ਖਾਲੀ ਕਰਨ ਦੀ ਦੇਰ ਸੀ ਕਿ ਸ਼ਾਹੀ ਫੌਜਾਂ ਨੇ ਗੁਰੂ ਜੀ ਤੇ ਹਮਲਾ ਕਰ ਦਿੱਤਾ। ਸਰਸਾ ਨਦੀ ਤੇ ਡੱਟ ਕੇ ਲੜਾਈ ਹੋਈ।ਇਸ ਲੜਾਈ ਦੌਰਾਨ ਹੀ ਅਣਮੋਲ ਸਾਹਿਤ ਰੁੜ ਗਿਆ। ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਵਿੱਛੜ ਗਏ। ਉਧਰ ਗੁਰੂ ਜੀ ਦਸੰਬਰ ਦੇ ਅਖੀਰਲੇ ਦਿਨਾਂ ਵਿੱਚ 40 ਸਿੰਘਾਂ ਸਮੇਤ ਚਮਕੌਰ ਸਾਹਿਬ ਪਹੁੰਚ ਗਏ। ਮੁਗਲ ਫੌਜ਼ ਉੱਪਰ ਚੜ੍ਹੀ ਆ ਰਹੀ ਸੀ।ਉਹਨਾਂ ਗੜੀ ਨੂੰ ਘੇਰਾ ਪਾ ਲਿਆ। ਬੜੀ ਘਮਸਾਨ ਦੀ ਲੜਾਈ ਹੋਈ। ਇਸ ਲੜਾਈ ਵਿੱਚ ਆਪ ਦੇ ਦੋਵੇਂ ਵੱਡੇ ਸਾਹਿਬਜਾਦੇ ਅਜੀਤ ਸਿੰਘ ਤੇ ਜੁਝਾਰ ਸਿੰਘ ਸ਼ਹੀਦ ਹੋ ਗਏ। ਕਈ ਜਾਨ ਤੋਂ ਪਿਆਰੇ ਸਿੱਖ ਸ਼ਹੀਦ ਹੋ ਗਏ। ਗੁਰੂ ਜੀ ਸਿੱਖਾਂ ਦੇ ਕਹਿਣ ਤੇ ਤਾੜੀ ਮਾਰ ਗੜੀ ਵਿੱਚੋਂ ਬਾਹਰ ਨਿਕਲ ਗਏ। ਉੱਥੋਂ ਹੀ ਆਪ ਮਾਛੀਵਾੜੇ ਦੇ ਜੰਗਲਾਂ ਵਿੱਚ ਚਲੇ ਗਏ, ਜਿੱਥੇ ਆਪ 'ਉੱਚ ਦਾ ਪੀਰ' ਬਣੇ। ਆਖਰੀ ਲੜਾਈ 1705 ਈ: ਵਿੱਚ 'ਖਿਦਰਾਣੇ ਦੀ ਢਾਬ' ਤੇ ਹੋਈ। ਸਿੱਖ ਬੜੀ ਬਹਾਦਰੀ ਨਾਲ ਲੜੇ। ਸਿੱਖਾਂ ਦੀ ਜਿੱਤ ਹੋਈ। ਇਸ ਲੜਾਈ ਵਿੱਚ ਗੁਰੂ ਤੋਂ ਬੇਮੁੱਖ ਹੋ ਕੇ ਗਏ 40 ਸਿੰਘ ਵੀ ਆ ਰਲੇ। ਗੁਰੂ ਜੀ ਤੋਂ ਮਾਫੀ ਮੰਗੀ ਤੇ ਬੇਦਾਵਾ' ਪੜ੍ਹਵਾ ਕੇ ਭੁੱਲ ਬਖਸ਼ਾਈ। ਇਸ ਜਗ੍ਹਾ ਦਾ ਨਾਂ 'ਮੁਕਤਸਰ ਸਾਹਬ' ਪੈ ਗਿਆ।ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ 42 ਸਾਲ ਦੀ ਆਯੂ ਦੌਰਾਨ 14 ਯੁੱਧ ਲੜੇ। ਧਰਮ ਦੀ ਇਸ ਜੰਗ ਵਿੱਚ ਜਿੱਤਾਂ ਗੁਰੂ ਸਾਹਬ ਦੀਆਂ ਹੀ ਹੁੰਦੀਆਂ ਰਹੀਆਂ।ਇਸ ਤੋਂ ਬਾਅਦ ਗੁਰੂ ਸਾਹਬ ਤਲਵੰਡੀ ਸਾਬੋ ਜਾ ਪਹੁੰਚੇ। ਇੱਥੇ ਗੁਰੂ ਜੀ ਨੇ 9 ਮਹੀਨੇ ਵਿਸ਼ਰਾਮ ਕੀਤਾ। ਕਮਰਕੱਸਾ ਖੋਲ ਕੇ ਦਮ ਲਿਆ ਤਾਂ ਇਸ ਜਗਾ ਦਾ ਨਾਂ 'ਦਮਦਮਾ ਸਾਹਿਬ' ਪੈ ਗਿਆ। ਅਖੀਰ ਸਤੰਬਰ 1708 ਈ: ਨੂੰ ਗੁਰੂ ਸਾਹਬ ਦੱਖਣ ਵਾਲੇ ਪਾਸੇ ਪਹੁੰਚੇ। ਜਿੱਥੇ ਉਹਨਾਂ ਦੀ ਮੁਲਾਕਾਤ 'ਮਾਧੋਦਾਸ' ਨਾਲ ਹੋਈ, ਜਿਸਨੂੰ ਅੰਮ੍ਰਿਤ ਛਕਾ ਕੇ 'ਬੰਦਾ ਬਹਾਦਰ' ਬਣਾ ਪੰਜਾਬ ਵੱਲ ਤੋਰਿਆ। ਗੁਰੂ ਸਾਹਬ ਇੱਕ ਉੱਚ ਕੋਟੀ ਦੇ ਕਵੀ ਤੇ ਸਾਹਿਤਕਾਰ ਵੀ ਸਨ। ਆਪ ਦੁਆਰਾ ਰਚਿਆ ਬਹੁਤ ਸਾਰਾ ਸਾਹਿਤ ਸਰਸਾ ਨਦੀ ਦੀ ਭੇਟ ਚੜ੍ਹ ਗਿਆ। ਗੁਰੂ ਸਾਹਬ ਨੇ ਅਰਬੀ, ਫ਼ਾਰਸੀ, ਪੰਜਾਬੀ, ਹਿੰਦੀ, ਸੰਸਕ੍ਰਿਤ ਆਦਿ ਭਸ਼ਾਵਾਂ ਦੀ ਵਰਤੋਂ ਕਰਕੇ ਸਾਹਿਤ ਰਚਿਆ, ਜਿਸ ਵਿੱਚ 'ਜਾਪੁ ਸਾਹਿਬ', 'ਬਚਿੱਤਰ ਨਾਟਕ', 'ਜ਼ਫਰਨਾਮਾ', 'ਚੰਡੀ ਦੀ ਵਾਰ', 'ਅਕਾਲ ਉਸਤਿਤ', 'ਤ੍ਵਪ੍ਰਸਾਦਿ ਸਵੱਯੇ' 'ਚੌਬੀਸ ਅਵਤਾਰ', 'ਵਾਰ ਦੁਰਗਾ ਕੀ', 'ਸ਼ਸਤ੍ਰ ਨਾਮ ਮਾਲਾ', 'ਚਰਿਤ੍ਰੋ ਪਖਯਾਨ' ਆਪ ਦੀਆਂ ਸ਼੍ਰੋਮਣੀ ਰਚਨਾਵਾਂ ਹਨ।





# ਗਿਆਨ ਹੀ ਬਦਲ ਸਕਦੈ ਔਰਤ-ਹਿੰਸਾ ਖ਼ਿਲਾਫ਼ ਸਮਾਜ ਦਾ ਨਜ਼ਰੀਆ

ਸਾਡੇ ਸਮਾਜ ਵਿਚ ਔਰਤਾਂ ਖਿਲਾਫ਼ ਹੁੰਦੀ ਹਿੰਸਾ ਬਾਰੇ ਸਾਨੂੰ ਤਕਰੀਬਨ ਹਰ ਰੋਜ਼ ਕਈ ਤਰ੍ਹਾਂ ਦੀਆਂ ਖ਼ਬਰਾਂ ਪੜ੍ਹਨ-ਸੁਣਨ ਨੂੰ ਮਿਲਦੀਆਂ ਰਹਿੰਦੀਆਂ ਹਨ। ਹਰ ਸੰਵੇਦਨਸ਼ੀਲ ਨਾਗਰਿਕ ਦਾ ਅਜਿਹੀਆਂ ਖ਼ਬਰਾਂ ਤੋਂ ਪ੍ਰੇਸ਼ਾਨ ਹੋਣਾ ਕੁਦਰਤੀ ਹੈ। ਪਰ ਇਹ ਦੇਖ ਕੇ ਹੋਰ ਵੀ ਦੁੱਖ ਹੁੰਦਾ ਹੈ ਕਿ ਕੁਝ ਲੋਕ ਉਲਟਾ ਔਰਤਾਂ ਵਿਚ ਹੀ ਨੁਕਸ ਕੱਢਦੇ ਹਨ। ਅਜਿਹੇ ਲੋਕਾਂ ਵਲੋਂ ਦੂਜਿਆਂ ਦੀ ਜ਼ਿੰਦਗੀ ਬਾਰੇ ਇਕਪਾਸੜ ਫ਼ੈਸਲਾ ਸੁਣਾ ਦਿੱਤਾ ਜਾਂਦਾ ਹੈ। ਕਿਸੇ ਲੜਕੀ ਨਾਲ ਕੁਝ ਗ਼ਲਤ ਵਾਪਰੇ ਤੇ ਇਹ ਕਿਹਾ ਜਾਂਦਾ ਹੈ ਕੱਪੜੇ ਠੀਕ ਨਹੀਂ ਪਾਉਂਦੀ ਜਾਂ ਦੇਰ ਤੱਕ ਬਾਹਰ ਰਹਿੰਦੀ ਹੈ, ਆਦਿ ਆਦਿ। ਕਿਸੇ ਵਿਆਹੁਤਾ ਦੇ ਨਾਲ ਘਰ ਜਾਂ ਪਤੀ ਵਲੋਂ ਮਾਰ-ਕੁਟਾਈ ਕੀਤੀ ਜਾਂਦੀ ਹੈ ਤਾਂ ਕਹਿ ਦਿੱਤਾ ਜਾਂਦਾ ਹੈ ਕਿ ਉਸ ਦਾ ਚਾਲ-ਚਲਣ ਠੀਕ ਨਹੀਂ ਜਾਂ ਘਰ ਦੇ ਵੱਡਿਆਂ ਦੀ ਇੱਜ਼ਤ ਨਹੀਂ ਕਰਦੀ ਹੋਵੇਗੀ। ਪਤਾ ਨਹੀਂ ਕਿੰਨੀਆਂ ਮਨਘੜਤ ਗੱਲਾਂ ਲੋਕਾਂ ਦੀ ਜ਼ਬਾਨ ਤੋਂ ਸੁਣਨ ਨੂੰ ਮਿਲਦੀਆਂ ਹਨ। ਇਹ ਸਿਲਸਿਲਾ ਇਕ ਲੰਮੇ ਅਰਸੇ ਤੋਂ ਜਾਰੀ ਹੈ। ਇਸ ਘਟੀਆ ਵਰਤਾਰੇ ਖਿਲਾਫ਼ ਲੋਕਾਂ ਨੂੰ ਜਾਗਰੂਕ ਕਰਨ ਲਈ ਸੰਯੁਕਤ ਰਾਸ਼ਟਰ ਸੰਘ ਵਲੋਂ ਹਰ ਸਾਲ 25 ਨਵੰਬਰ ਦਾ ਦਿਨ ਔਰਤਾਂ ਖਿਲਾਫ਼ ਹਿੰਸਾ ਦੇ ਖ਼ਾਤਮੇ ਦੇ ਕੌਮਾਂਤਰੀ ਦਿਵਸ ਵਜੋਂ ਮਨਾਉਣਾ ਨਿਯੁਕਤ ਕੀਤਾ ਗਿਆ ਸੀ। ਇਸ ਦਿਨ ਵੱਖ-ਵੱਖ ਢੰਗਾਂ ਨਾਲ ਇਸ ਸੱਚ ਤੇ ਚਾਨਣਾ ਪਾਇਆ ਜਾਂਦਾ ਹੈ ਕਿ ਪੂਰੀ ਦੁਨੀਆ ਵਿਚ ਔਰਤਾਂ ਘਰੇਲੂ ਹਿੰਸਾ ਤੇ ਜਬਰ-ਜਨਾਹ ਦੀਆਂ ਸ਼ਿਕਾਰ ਹੁੰਦੀਆਂ ਹਨ, ਜਿਸ ਨੂੰ ਠੱਲ੍ਹ ਪਾਈ ਜਾਣੀ ਅਤਿ ਜ਼ਰੂਰੀ ਹੈ। ਭਾਰਤ ਦੁਨੀਆ ਵਿਚ ਇਸ ਪੱਖੋਂ ਬੜੀ ਨਾਜ਼ੁਕ ਸਥਿਤੀ ਵਾਲਾ ਦੇਸ਼ ਹੈ, ਜਿਥੇ ਔਰਤਾਂ ਉੱਪਰ ਜ਼ੁਲਮਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ।



ਭਾਰਤ ਦੀ ਜ਼ਿਆਦਾ ਆਬਾਦੀ ਅਨਪੜ੍ਹਤਾ ਦਾ ਸ਼ਿਕਾਰ ਹੈ ਤੇ ਇਨ੍ਹਾਂ ਹਾਲਤਾਂ ਵਿਚ ਬੇਟੇ ਨੂੰ ਉੱਚਾ ਮੰਨਿਆ ਜਾਂਦਾ ਹੈ। ਅਨਪੜ੍ਹਤਾ ਤੇ ਬੇਰੁਜ਼ਗਾਰੀ ਨਾਲ ਘਿਰੇ ਮਰਦ ਪ੍ਰਧਾਨ ਸਮਾਜ ਵਿਚ ਆਪਣੀ ਹਾਰ ਦਾ ਗੁੱਸਾ ਔਰਤਾਂ ਤੇ ਕੱਢਿਆ ਜਾਂਦਾ ਹੈ। ਉਨ੍ਹਾਂ ਨਾਲ ਹਿੰਸਾ ਕੀਤੀ ਜਾਂਦੀ ਹੈ, ਜਿਸ ਵਿਚ ਵਿਆਹ ਤੋਂ ਬਾਅਦ ਕੀਤੇ ਜਾਂਦੇ ਅੱਤਿਆਚਾਰ ਵੀ ਸ਼ਾਮਿਲ ਹੁੰਦੇ ਹਨ। ਘਰਾਂ ਵਿਚ ਕਈ ਵਾਰ ਇਹ ਵੀ ਦੇਖਣ ਨੂੰ ਮਿਲਦਾ ਹੈ ਕਿ ਕਈ ਮਰਦ ਨਸ਼ਿਆਂ ਵਰਗੀਆਂ ਗ਼ਲਤ ਆਦਤਾਂ ਦੇ ਸ਼ਿਕਾਰ ਹੋ ਜਾਂਦੇ ਹਨ। ਉਨ੍ਹਾਂ ਦੇ ਗ਼ਲਤ ਕੰਮਾਂ ਕਾਰਨ ਜਦ ਔਰਤਾਂ ਘਰ ਤਬਾਹ ਹੁੰਦਾ ਵੇਖਦੀਆਂ ਹਨ ਤਾਂ ਆਵਾਜ਼ ਚੁੱਕਦੀਆਂ ਹਨ, ਨਤੀਜੇ ਵਜੋਂ ਰੋਜ਼ ਹਿੰਸਾ ਸਹਿੰਦੀਆਂ ਹਨ। ਸਮਾਜ ਵਿਚ ਸਿਰਫ 40 ਫ਼ੀਸਦੀ ਔਰਤਾਂ ਹਨ ਜੋ ਆਪਣੇ ਨਾਲ ਹੋਏ ਗ਼ਲਤ ਦੀ ਆਵਾਜ਼ ਚੁੱਕ ਪਾਉਂਦੀਆਂ ਹਨ, ਜਿਨ੍ਹਾਂ ਵਿਚੋਂ ਕੁਝ ਦੀ ਆਵਾਜ਼ ਦਬਾ ਦਿੱਤੀ ਜਾਂਦੀ ਹੈ ਤੇ ਕੁਝ ਦੇ ਪਰਿਵਾਰ ਵਾਲਿਆਂ ਤੱਕ ਨੂੰ ਏਨਾ ਧਮਕਾਇਆ ਜਾਂਦਾ ਹੈ ਕਿ ਉਹ ਪਿੰਡ ਤੱਕ ਛੱਡਣ ਨੂੰ ਮਜਬੂਰ ਹੋ ਜਾਂਦੇ ਹਨ। ਇਹ ਸਿਲਸਿਲਾ ਇਸ ਲਈ ਨਹੀਂ ਰੁਕਦਾ ਕਿਉਂਕਿ ਅਪਰਾਧ ਕਰਨ ਵਾਲਿਆਂ ਨੂੰ ਕਾਨੂੰਨ ਦੇ ਪ੍ਰਬੰਧ ਦਾ ਕੋਈ ਡਰ ਨਹੀਂ ਹੈ। ਸਜ਼ਾ ਮਿਲਦਿਆਂ-ਮਿਲਦਿਆਂ ਬਹੁਤ ਸਮਾਂ ਲੱਗ ਜਾਂਦਾ ਹੈ ਜਾਂ ਗੁਨਾਹ ਕਰਨ ਵਾਲੇ ਛੁੱਟ ਜਾਂਦੇ ਹਨ। ਹਿੰਸਾ ਅਤੇ ਗ਼ਰੀਬੀ ਦਾ ਆਪਸ ਵਿਚ ਇਕ ਕੁਚੱਕਰ ਹੈ। ਔਰਤਾਂ ਖਿਲਾਫ਼ ਹਿੰਸਾ ਗ਼ਰੀਬੀ ਮਿਟਾਉਣ ਦੇ ਰਸਤੇ ਵਿਚ ਸਭ ਤੋਂ ਵੱਡੀ ਰੁਕਾਵਟ ਹੈ। ਹਿੰਸਾ ਕਾਰਨ ਔਰਤਾਂ ਪੜ੍ਹਾਈ ਦੀ, ਆਪਣੇ ਪੈਰਾਂ ਤੇ ਖੜ੍ਹੇ ਹੋ ਕੇ ਕਮਾਉਣ ਦੀ, ਜਨਤਕ ਤੇ ਸਿਆਸੀ ਜੀਵਨ ਵਿਚ ਹਿੱਸਾ ਲੈਣ ਦੀ ਕਾਬਲੀਅਤ ਖ਼ਤਮ ਹੋ ਜਾਂਦੀ ਹੈ, ਜਿਸ ਦਾ ਨਤੀਜਾ ਹੁੰਦਾ ਹੈ ਉਹ ਹੋਰ ਹਿੰਸਾ ਸਹਿੰਦੀਆਂ ਹਨ ਕਿਉਂਕਿ ਉਨ੍ਹਾਂ ਦਾ ਆਤਮ-ਵਿਸ਼ਵਾਸ ਮਾਰ ਦਿੱਤਾ ਜਾਂਦਾ ਹੈ।

ਸਾਡੇ ਦੇਸ਼ ਵਿਚ ਔਰਤਾਂ ਦੇ ਹੱਕਾਂ ਵਿਚ ਅਨੇਕ ਕਾਨੂੰਨ ਬਣੇ ਹਨ। ਬਹੁਤ ਸਾਰੀਆਂ ਸਮਾਜਿਕ ਸੰਸਥਾਵਾਂ ਇਸ ਖਿਲਾਫ਼ ਆਵਾਜ਼ ਉਠਾਉਂਦੀਆਂ ਹਨ, ਇਸ ਦਿਸ਼ਾ ਵੱਲ ਕੰਮ ਵੀ ਕਰਦੀਆਂ ਹਨ, ਪਰ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨ ਵਿਚ ਬਹੁਤ ਚੁਣੌਤੀਆਂ ਹਨ। ਹਿੰਸਾ ਨੂੰ ਰੋਕਣ ਲਈ ਜ਼ਿਆਦਾ ਨਹੀਂ ਕੀਤਾ ਜਾਂਦਾ। ਜੇਕਰ ਅਸੀਂ ਭੇਦਭਾਵ ਤੇ ਔਰਤਾਂ ਖਿਲਾਫ਼ ਅਨਿਆਂ ਨਾਲ ਲੜਨਾ ਹੈ ਤਾਂ ਸਭ ਤੋਂ ਪਹਿਲਾਂ ਆਪਣੇ ਘਰ ਤੋਂ ਸ਼ੁਰੂ ਕਰਨਾ ਪਵੇਗਾ। ਜੇਕਰ ਘਰ ਵਿਚ ਔਰਤ ਸੁਰੱਖਿਅਤ ਮਹਿਸੂਸ ਕਰੇਗੀ ਤਾਂ ਹੀ ਸਮਾਜ ਵਿਚ ਵੀ ਸਾਹ ਲੈ ਸਕੇਗੀ। ਬੇਟੀਆਂ ਨੂੰ ਪੜ੍ਹਾਉਣਾ ਵੀ ਬਹੁਤ ਜ਼ਰੂਰੀ ਹੈ ਤਾਂ ਕਿ ਉਹ ਪੜ੍ਹ-ਲਿਖ ਕੇ ਆਤਮ-ਵਿਸ਼ਵਾਸੀ ਬਣ ਕੇ ਜ਼ਿਆਦਤੀਆਂ ਖਿਲਾਫ਼ ਆਵਾਜ਼ ਚੁੱਕ ਸਕਣ। ਦੂਜੇ ਪਾਸੇ ਬੇਟਿਆਂ ਨੂੰ ਪੜ੍ਹਾਉਣਾ ਹੋਰ ਵੀ ਜ਼ਰੂਰੀ ਹੈ ਤਾਂ ਕਿ ਉਨ੍ਹਾਂ ਦੀ ਮਾਨਸਿਕਤਾ ਬਦਲੇ। ਅਸੀਂ ਸਾਰੇ ਰਲ ਕੇ ਇਹ ਸਭ ਕੁਝ ਬਦਲ ਸਕਦੇ ਹਾਂ। ਅਸੀਂ ਸਮਾਜ ਦੇ ਉਨ੍ਹਾਂ ਖ਼ਤਰਨਾਕ ਵਿਸ਼ਵਾਸਾਂ ਨੂੰ ਬਦਲ ਸਕਦੇ ਹਾਂ ਜੋ ਸਮੱਸਿਆਵਾਂ ਦੀ ਜੜ੍ਹ ਹਨ। ਹੁਣ ਸਮਾਂ ਹੈ ਸਮਾਜ ਦੇ ਸਾਰੇ ਵਰਗ ਔਰਤਾਂ ਵਿਰੁੱਧ ਹਿੰਸਾ ਅਤੇ ਲੜਕੀਆਂ ਨਾਲ ਹੁੰਦੀਆਂ ਜ਼ਿਆਦਤੀਆਂ ਆਵਾਜ਼ ਚੁੱਕਣ, ਉਸ ਨੂੰ ਖ਼ਤਮ ਕਰਨ ਲਈ ਯਤਨ ਕਰਨ ਤੇ ਸਾਰੇ ਇਹ ਸੋਚਣ ਹਾਂ ਅਸੀਂ ਇਹ ਬਦਲ ਸਕਦੇ ਹਾਂ। ਕਿਹਾ ਜਾਂਦਾ ਹੈ ਕਿ ਲੋਕਤੰਤਰ ਵਿਚ ਡਰਾਉਣਾ, ਧਮਕਾਉਣਾ, ਸ਼ੋਸ਼ਣ ਅਤੇ ਹਿੰਸਾ ਦੀ ਕੋਈ ਥਾਂ ਨਹੀਂ ਹੋ ਸਕਦੀ। ਕਿਸੇ ਸੱਭਿਆਚਾਰ ਨੂੰ ਬਦਲੇ ਬ਼ਗੈਰ ਉਸ ਵਿਚੋਂ ਜਿਣਸੀ, ਨਸਲੀ ਤੇ ਹੋਰ ਕਿਸਮ ਦੀ ਹਿੰਸਾ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ।ਹੋ ਸਕਦਾ ਹੈ ਵਿਦਵਾਨਾਂ ਦੇ ਅਜਿਹੇ ਕਥਨ ਰਾਹ-ਦਸੇਰੇ ਬਣ ਕੇ ਸੁੱਤੇ ਪਏ ਮਨਾਂ ਨੂੰ ਜਗਾ ਸਕਣ ਵਿਚ ਕਾਮਯਾਬ ਹੋ ਜਾਣ।

# ਸੁਰੱਖਿਅਤ ਕੱਲ੍ਹ ਲਈ ਅੱਜ ਦੀ ਬੱਚਤ ਬਹੁਤ ਜ਼ਰੂਰੀ

ਤੁਸੀਂ ਚਾਹੇ ਜਿੰਨਾ ਮਰਜ਼ੀ ਕਮਾਉਂਦੇ ਹੋਵੋ, ਪਰ ਜੇਕਰ ਤੁਸੀਂ ਇਹ ਸੋਚੋਗੇ ਕਿ ਮਹੀਨੇ ਦੇ ਅਖ਼ੀਰ ਵਿਚ ਜੋ ਬਚੇਗਾ, ਉਸ ਨੂੰ ਬੱਚਤ ਖ਼ਾਤੇ ਵਿਚ ਪਾ ਦੇਵਾਂਗੇ ਤਾਂ ਤੁਸੀਂ ਕਦੀ ਬੱਚਤ ਨਹੀਂ ਕਰ ਸਕਦੇ, ਕਿਉਂਕਿ ਕੁਝ ਬਚੇਗਾ ਹੀ ਨਹੀਂ। ਜੇਕਰ ਥੋੜ੍ਹਾ ਬਹੁਤ ਕੁਝ ਬਚਿਆ ਉਹ ਏਨਾ ਘੱਟ ਹੋਵੇਗਾ ਕਿ ਤੁਸੀਂ ਖ਼ੁਦ ਹੀ ਨਹੀਂ ਚਾਹੋਗੇ ਕਿ ਉਸ ਨੂੰ ਬੱਚਤ ਖਾਤੇ ਵਿਚ ਪਾਈਏ। ਇਸ ਲਈ ਬੱਚਤ ਕਰਨ ਦੀ ਕਲਾ ਸਿੱਖਣ ਦਾ ਪਹਿਲਾ ਪਾਠ ਹੈ ਕਿ ਤਨਖ਼ਾਹ ਮਿਲਦਿਆਂ ਹੀ ਸਭ ਤੋਂ ਪਹਿਲਾਂ ਜਿੰਨਾ ਕਰ ਸਕਦੇ ਹੋ, ਓਨਾ ਘੱਟੋ-ਘੱਟ ਪੈਸਾ ਆਪਣੇ ਬੱਚਤ ਖ਼ਾਤੇ ਵਿਚ ਪਾ ਦਈਏ। ਤਦ ਹੀ ਲਗਾਤਾਰ ਅਤੇ ਯਕੀਨੀ ਬੱਚਤ ਸੰਭਵ ਹੈ।



ਬੱਚਤ ਕਰਨ ਦੀ ਕਲਾ ਦਾ ਦੂਜਾ ਮਹੱਤਵਪੂਰਨ ਪਾਠ ਇਹ ਹੈ ਕਿ ਬੱਚਤ ਕਰਨ ਨੂੰ ਬਦਲ ਦੇ ਰੂਪ ਵਿਚ ਨਾ ਰੱਖੋ। ਬੱਚਤ ਕਰਨ ਨੂੰ ਜ਼ਰੂਰੀ ਬਣਾਓ ਅਤੇ ਇਹ ਜ਼ਰੂਰੀ ਸਿਰਫ਼ ਮਾਨਸਿਕ ਦ੍ਰਿੜ੍ਹਤਾ ਤੱਕ ਸੀਮਿਤ ਨਾ ਹੋਵੇ, ਸਗੋਂ ਆਪਣੀ ਬੱਚਤ ਨੂੰ ਇਕ ਆਟੋਮੈਟਿਕ ਢੰਗ ਨਾਲ ਜੋੜ ਦਿਓ। ਕਹਿਣ ਦਾ ਭਾਵ ਇਹ ਹੈ ਕਿ ਬੱਚਤ ਨੂੰ ਆਟੋ ਕਰ ਦਿਓ, ਜਿਵੇਂ ਇਕ ਰੈਕਰਿੰਗ ਡਿਪੋਜ਼ਿਟ ਦਾ ਖ਼ਾਤਾ ਖੋਲ੍ਹੋ ਅਤੇ ਉਸ ਨੂੰ ਆਪਣੇ ਬੈਂਕ ਦੇ ਮੁੱਖ ਖਾਤੇ ਨਾਲ ਜੋੜ ਦਿਓ, ਜਿਥੇ ਤਨਖ਼ਾਹ ਆਉਂਦੀ ਹੋਵੇ ਜਾਂ ਜਿਸ ਵਿਚ ਜਮ੍ਹਾਂ ਕਰਦੇ ਹੋ। ਇਸ ਨਾਲ ਬੱਚਤ ਲਈ ਰੈਕਰਿੰਗ ਪੈਸੇ ਆਪਣੇ-ਆਪ ਕੱਟ ਜਾਣਗੇ, ਉਦੋਂ ਤੁਹਾਨੂੰ ਇਹ ਚੋਣ ਦੀ ਛੋਟ ਨਹੀਂ ਹੋਵੇਗੀ ਕਿ ਤੁਸੀਂ ਬੱਚਤ ਕਰੋ ਜਾਂ ਨਾ ਕਰੋ। ਇਸ ਤਰ੍ਹਾਂ ਸੋਖਿਆਂ ਬੱਚਤ ਹੋ ਜਾਵੇਗੀ।

ਬੱਚਤ ਦੀ ਕਲਾ ਸਿੱਖਣ ਦਾ ਤੀਜਾ ਮਹੱਤਵਪੂਰਨ ਤਰੀਕਾ ਇਹ ਹੈ ਕਿ ਆਪਣੀ ਬੱਚਤ ਨੂੰ ਵਿਹਾਰਿਕ ਰੱਖੋ ਭਾਵ ਜੇਕਰ ਤੁਹਾਡੀ ਤਨਖ਼ਾਹ 10 ਹਜ਼ਾਰ ਰੁਪਏ ਹੈ ਤਾਂ ਤੁਸੀਂ ਓਨੇ ਹੀ ਪੈਸੇ ਬੱਚਤ ਕਰਨ ਬਾਰੇ ਸੋਚੋ ਜਿੰਨੀ ਸੌਖ ਨਾਲ ਹੋ ਸਕਦੀ ਹੈ। 10 ਹਜ਼ਾਰ ਵਿਚੋਂ 5000 ਮਹੀਨਾ ਬੱਚਤ ਦੀ ਗ਼ੈਰ-ਵਿਹਾਰਕ ਯੋਜਨਾ ਨਾ ਬਣਾਓ, ਨਹੀਂ ਤਾਂ ਇਸ ਨਾਲ ਬੱਚਤ ਦੀ ਲੜੀ ਟੁੱਟਣ ਦੀ ਸੰਭਾਵਨਾ ਬਣੀ ਰਹੇਗੀ। ਇਕ ਹੋਰ ਗੱਲ ਵੀ ਗੱਠ ਬੰਨ੍ਹ ਲਓ ਕਿ ਜਦੋਂ ਵੀ ਬੱਚਤ ਕਰੋ ਤਾਂ ਬੱਚਤ ਕਰਨ ਦਾ ਇਕ ਠੋਸ ਟੀਚਾ ਹੋਵੇ ਜਿਵੇਂ ਆਪਣੀ ਉੱਚ ਸਿੱਖਿਆ ਲਈ ਬੱਚਤ ਕਰ ਰਹੇ ਹੋ ਜਾਂ ਵਿਆਹ ਤੋਂ ਬਾਅਦ ਆਪਣਾ ਘਰ ਅਤੇ ਗੱਡੀ ਖਰੀਦਣ ਲਈ ਬੱਚਤ ਕਰ ਰਹੇ ਹੋ। ਜੇਕਰ ਵਿਆਹੁਤਾ ਹੋ ਅਤੇ ਬੱਚੇ ਹਨ ਤਾਂ ਆਪਣੀ ਬੱਚਤ ਨੂੰ ਬੱਚਿਆਂ ਦੇ ਸਪੱਸ਼ਟ ਟੀਚੇ ਨਾਲ ਜੋੜੋ ਜਿਵੇਂ ਕੁੜੀ ਨੂੰ ਫਲਾਣਾ ਕੋਰਸ ਕਰਾਉਣਾ ਹੈ, ਵਗੈਰਾ-ਵਗੈਰਾ।

ਜਦੋਂ ਤੁਹਾਡੀ ਬੱਚਤ ਦੀ ਇਹ ਠੋਸ ਵਜ੍ਹਾ ਹੋਵੇਗੀ ਤਾਂ ਬੱਚਤ ਵੀ ਯਕੀਨੀ ਹੋਵੇਗੀ। ਹਵਾ-ਹਵਾਈ ਟੀਚਿਆਂ ਨਾਲ ਬੱਚਤ ਵੱਲ ਲਗਾਤਾਰ ਆਸਵੰਦ ਰਹਿਣਾ ਮੁਸ਼ਕਿਲ ਹੁੰਦਾ ਹੈ। ਜਿਵੇਂ ਜੇਕਰ ਤੁਸੀਂ ਕੋਈ ਮਕਾਨ ਇਸ ਲਈ ਖਰੀਦਣਾ ਚਾਹੁੰਦੇ ਹੋ ਕਿ ਭਵਿੱਖ ਵਿਚ ਉਸ ਦੀ ਕੀਮਤ ਵਧ ਜਾਵੇਗੀ ਅਤੇ ਤੁਹਾਨੂੰ ਫ਼ਾਇਦਾ ਹੋਵੇਗਾ ਤਾਂ ਇਹ ਟੀਚੇ ਯਕੀਨੀ ਹਨ। ਭਾਵੇਂ ਤੁਸੀਂ ਜ਼ਿਆਦਾ ਸਮਾਂ ਇਹ ਮੰਨ ਕੇ ਚੱਲੋ ਕਿ ਤੁਹਾਡਾ ਸੋਚਣਾ ਸਹੀ ਹੈ, ਪਰ ਇਹ ਵੀ ਤੈਅ ਹੈ ਕਿ ਕਿਸੇ ਨਾ ਕਿਸੇ ਪਲ ਤੁਸੀਂ ਇਹ ਵੀ ਸੋਚੋਗੇ ਜੇਕਰ ਸਾਡੀ ਸੋਚ ਦੇ ਹਿਸਾਬ ਨਾਲ ਭਵਿੱਖ ਵਿਚ ਜਾਇਦਾਦ ਮਹਿੰਗੀ ਨਾ ਹੋਈ ਤਾਂ ਕੀ ਹੋਵੇਗਾ? ਇਹ ਸ਼ੱਕ ਤੁਹਾਡੀ ਬੱਚਤ ਲੜੀ ਨੂੰ ਪ੍ਰਭਾਵਿਤ ਨਹੀਂ ਕਰ ਸਕਦਾ। ਇਸ ਲਈ ਬੱਚਤ ਕਰਨ ਦੀ ਕਲਾ ਦਾ ਇਕ ਜ਼ਰੂਰੀ ਪਾਠ ਇਹ ਵੀ ਹੈ ਕਿ ਬੱਚਤ ਦੀ ਵਜ੍ਹਾ ਠੋਸ, ਵਿਹਾਰਕ ਅਤੇ ਲਗਭਗ ਜ਼ਰੂਰੀ ਹੈ।

# ਚੰਗੀ ਸਿਹਤ ਲਈ ਬੱਚਿਆਂ ਨੂੰ ਪਾਈਏ ਘਰ ਦੇ ਖਾਣੇ ਦੀ ਆਦਤ

ਅਜੋਕੇ ਸਮੇਂ ਦੇ ਬੱਚਿਆਂ ਨੂੰ ਬਾਜ਼ਾਰ ਦਾ ਖਾਣਾ ਜਿਵੇਂ ਸਮੋਸੇ, ਪੀਜ਼ਾ, ਬਰਗਰ ਅਤੇ ਭਠੂਰੇ ਆਦਿ ਸੁਆਦ ਲਗਦੇ ਹਨ। ਇਹ ਭੋਜਨ ਆਮ ਤੌਰ ਤੇ ਮੈਦੇ ਅਤੇ ਵੱਧ ਘਿਉ ਨਾਲ ਭਰਪੂਰ ਹੁੰਦੇ ਹਨ। ਇਨ੍ਹਾਂ ਨਾਲ ਸਰੀਰ ਵਿਚ ਮੋਟਾਪਾ ਤਾਂ ਆਉਂਦਾ ਹੈ ਪਰ ਪੌਸ਼ਟਿਕ ਤੱਤਾਂ ਦੀ ਘਾਟ ਵੀ ਰਹਿ ਜਾਂਦੀ ਹੈ। ਇਸ ਦੇ ਉਲਟ ਘਰ ਦਾ ਭੋਜਨ ਸਾਫ਼-ਸੁਥਰਾ ਵੀ ਹੁੰਦਾ ਹੈ ਅਤੇ ਬਾਜ਼ਾਰ ਦੇ ਭੋਜਨ ਤੋਂ ਕਈ ਗੁਣਾ ਵੱਧ ਪੌਸ਼ਟਿਕ ਵੀ ਹੁੰਦਾ ਹੈ। ਸਿਹਤ ਮਾਹਰ ਦੱਸਦੇ ਹਨ ਕਿ ਘਰੇਲੂ ਖਾਣੇ ਨਾਲ ਹੀ ਬੱਚਿਆਂ ਨੂੰ ਤੰਦਰੁਸਤ ਰੱਖਿਆ ਜਾ ਸਕਦਾ ਹੈ। ਆਉ ਜਾਣੀਏ ਇਸ ਸੰਬੰਧੀ ਕੁਝ ਗੱਲਾਂ :



* ਘਰ ਦਾ ਖਾਣਾ ਸਾਬਤ ਕਣਕ ਦੇ ਆਟੇ ਤੋਂ ਬਣਦਾ ਹੈ ਜਿਸ ਵਿਚ ਵਿਟਾਮਿਨ-ਬੀ, ਲੋਹ ਤੱਤ, ਜ਼ਿੰਕ ਅਤੇ ਮੈਗਨੀਸ਼ੀਅਮ ਆਦਿ ਤੱਤ ਮੌਜੂਦ ਹੁੰਦੇ ਹਨ ਜੋ ਬੱਚਿਆਂ ਲਈ ਲਾਹੇਵੰਦ ਹੁੰਦੇ ਹਨ। * ਘਰ ਦਾ ਬਣਿਆ ਖਾਣਾ ਤਿਆਰ ਕਰਦਿਆਂ ਸਾਫ਼-ਸਫ਼ਾਈ ਦਾ ਧਿਆਨ ਰੱਖਿਆ ਜਾਂਦਾ ਹੈ।

* ਘਰ ਦੇ ਖਾਣੇ ਦੀ ਵੰਨ-ਸੁਵੰਨਤਾ ਸਾਨੂੰ ਸੰਤੁਲਿਤ ਖ਼ੁਰਾਕ ਪ੍ਰਦਾਨ ਕਰਦੀ ਹੈ ਜੋ ਸਾਡੀ ਸਿਹਤ ਲਈ ਬਹੁਤ ਲਾਹੇਵੰਦ ਹੁੰਦੀ ਹੈ।

* ਘਰੇਲੂ ਭੋਜਨ ਤਿਆਰ ਕਰਦੇ ਸਮੇਂ ਆਮ ਤੌਰ ਤੇ ਤਾਜ਼ੀਆਂ ਸਬਜ਼ੀਆਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਨ੍ਹਾਂ ਤੋਂ ਸਾਨੂੰ ਭਰਪੂਰ ਵਿਟਾਮਿਨ ਅਤੇ ਖਣਿਜ ਮਿਲਦੇ ਹਨ।

* ਘਰ ਦੀ ਬਣੀ ਦਾਲ ਪ੍ਰੋਟੀਨ ਨਾਲ ਭਰਪੂਰ ਹੁੰਦੀ ਹੈ ਜੋ ਬੱਚਿਆਂ ਦੇ ਵਾਧੇ ਲਈ ਅਤਿ ਜ਼ਰੂਰੀ ਹੁੰਦੀ ਹੈ।

* ਘਰ ਦਾ ਖਾਣਾ ਤਿਆਰ ਕਰਦਿਆਂ ਹਰ ਵਾਰ ਨਵਾਂ ਤੇਲ ਵਰਤਿਆ ਜਾਂਦਾ ਹੈ। ਬਾਜ਼ਾਰ ਦੇ ਖਾਣੇ ਵਿਚ ਇਕੋ ਹੀ ਤੇਲ ਕਈ ਵਾਰ ਵਰਤਿਆ ਜਾਂਦਾ ਹੈ ਜੋ ਫ਼੍ਰੀ-ਰੇਡੀਕਲ ਪੈਦਾ ਰਕਦਾ ਹੈ ਜੋ ਭਿਆਨਕ ਰੋਗਾਂ ਦਾ ਕਾਰਨ ਬਣਦੇ ਹਨ।

* ਘਰੇਲੂ ਸਲਾਦ ਵਿਚ ਗਾਜਰਾਂ, ਖੀਰੇ, ਮੂਲੀ, ਟਮਾਟਰ ਆਦਿ ਸਾਡੀਆਂ ਵਿਟਾਮਿਨ ਅਤੇ ਖਣਿਜਾਂ ਦੀ ਲੋੜਾਂ ਨੂੰ ਪੂਰਾ ਕਰਦੇ ਹਨ।

* ਦੁੱਧ ਬੱਚਿਆਂ ਲਈ ਲੋੜੀਂਦੇ ਤਕਰੀਬਨ ਸਾਰੇ ਤੱਤਾਂ ਨੂੰ ਪੂਰਾ ਕਰਦਾ ਹੈ।

* ਸਭ ਤੋਂ ਵੱਧ ਘਰ ਦੇ ਖਾਣੇ ਵਿਚ ਮਾਂ ਦਾ ਪਿਆਰ ਮਿਲਿਆ ਹੁੰਦਾ ਹੈ। * ਘਰ ਦਾ ਖਾਣਾ ਤਾਜ਼ਾ ਹੁੰਦਾ ਹੈ।ਉਕਤ ਕੁਝ ਗੱਲਾਂ ਇਸ਼ਾਰਾ ਕਰਦੀਆਂ ਹਨ ਕਿ ਘਰ ਦਾ ਖਾਣਾ ਬਾਜ਼ਾਰ ਦੇ ਖਾਣੇ ਤੋਂ ਕਿਤੇ ਵਧੀਆ ਹੁੰਦਾ ਹੈ। ਇਸ ਲਈ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਇਸ ਦੀ ਆਦਤ ਪਾਉਣੀ ਚਾਹੀਦੀ ਹੈ ਤਾਂ ਜੋ ਅੱਜ ਦੇ ਬੱਚੇ ਕੱਲ੍ਹ ਦੇ ਤੰਦਰੁਸਤ ਨਾਗਰਿਕ ਬਣ ਸਕਣ ਅਤੇ ਇਕ ਚੰਗੇ ਸਮਾਜ ਦੀ ਉਸਾਰੀ ਕਰ ਸਕਣ।

# ਜਾਣੋ ਕਿਵੇਂ ਸ਼ੁਰੂ ਹੋਈ ਕੈਟਰੀਨਾ ਕੈਫ ਅਤੇ ਵਿੱਕੀ ਕੌਸਲ ਦੀ 'ਪ੍ਰੇਮ ਕਹਾਣੀ'



ਬਾਲੀਵੁੱਡ ਦੀ ਮਸ਼ਹੂਰ ਅਦਾਕਾਰਾ ਕੈਟਰੀਨਾ ਕੈਫ ਅਤੇ ਵਿੱਕੀ ਕੌਸਲ 7 ਤੋਂ 9 ਦਸੰਬਰ ਤੱਕ ਰਾਜਸਥਾਨ ਦੇ ਇਕ ਪੈਲੇਸ 'ਚ ਵਿਆਹ ਦੇ ਬੰਧਨ 'ਚ ਬੱਝਣ ਜਾ ਰਹੇ ਹਨ। ਜਾਣੋ ਦੋਵਾਂ ਦੀ ਪ੍ਰੇਮ ਕਹਾਣੀ ਕਿਵੇਂ ਦੋਵਾਂ ਨੂੰ ਇਕ-ਦੂਜੇ ਨਾਲ ਪਿਆਰ ਹੋਇਆ। ਕੈਟਰੀਨਾ ਕੈਫ ਅਤੇ ਵਿੱਕੀ ਕੌਸਲ ਇਸ ਸਮੇਂ ਚਰਚਾ ਦਾ ਕੇਂਦਰ ਬਣੇ ਹੋਏ ਹਨ। ਕਿਹਾ ਜਾ ਰਿਹਾ ਹੈ ਕਿ ਦੋਵੇਂ ਰਾਜਸਥਾਨ ਦੇ ਸਵਾਈ ਮਾਧੋਪੁਰ ਦੇ ਪੈਲੇਸ 'ਚ ਵਿਆਹ ਕਰਨ ਜਾ ਰਹੇ ਹਨ।

**ਕਰਨ ਜੌਹਰ ਦੇ ਸੋਅ ਤੋਂ ਹੋਈ ਸੁਰੂ ਪ੍ਰੇਮ ਕਹਾਣੀ**

ਵਿੱਕੀ ਕੌਸਲ ਅਤੇ ਕੈਟਰੀਨਾ ਕੈਫ ਦੀ ਪ੍ਰੇਮ ਕਹਾਣੀ ਕਰਨ ਜੌਹਰ ਦੇ ਟਾਕ ਸੋਅ ਕੌਫੀ ਵਿਦ ਕਰਨ ਤੋਂ ਸੁਰੂ ਹੋਈ ਸੀ। ਇਸ ਮੌਕੇ ਕਰਨ ਜੌਹਰ ਨੇ ਵਿੱਕੀ ਕੌਸਲ ਨੂੰ ਕਿਹਾ ਕਿ ਕੈਟਰੀਨਾ ਕੈਫ ਉਨ੍ਹਾਂ ਨਾਲ ਕੰਮ ਕਰਨਾ ਚਾਹੁੰਦੀ ਹੈ ਅਤੇ ਉਨ੍ਹਾਂ ਨੂੰ ਲੱਗਦਾ ਹੈ ਕਿ ਦੋਵਾਂ ਦੀ ਜੋੜੀ ਪਰਦੇ 'ਤੇ ਚੰਗੀ ਲੱਗੇਗੀ। ਇਸ 'ਤੇ ਕੌਸਲ ਬਹੁਤ ਖੁਸ ਹੋਇਆ ਅਤੇ ਉਹ ਬੇਹੋਸ ਹੋਣ ਦਾ ਬਹਾਨਾ ਲਗਾਉਣ ਲੱਗਾ।

ਇਸ ਤੋਂ ਬਾਅਦ ਕੈਟਰੀਨਾ ਕੈਫ ਅਤੇ ਵਿੱਕੀ ਕੌਸਲ ਨੂੰ ਕਈ ਮੌਕਿਆਂ 'ਤੇ ਇਕੱਠੇ ਦੇਖਿਆ ਗਿਆ। ਇਕ ਇੰਟਰਵਿਊ ਦੌਰਾਨ ਦੋਨੋਂ ਇਕ ਵਾਰ ਫਿਰ ਇਕੱਠੇ ਨਜਰ ਆਏ। ਉਨ੍ਹਾਂ ਦੀ ਕੈਮਿਸਟਰੀ ਇਕੱਠੀ ਦੇਖਣ ਨੂੰ ਮਿਲ ਰਹੀ ਹੈ। ਵਿੱਕੀ ਕੌਸਲ ਅਤੇ ਕੈਟਰੀਨਾ ਕੈਫ ਕਈ ਦੀਵਾਲੀ ਪਾਰਟੀਆਂ ਅਤੇ ਵਿਆਹਾਂ 'ਚ ਇਕੱਠੇ ਨਜਰ ਆਏ ਸਨ। ਇਸ ਤੋਂ ਇਲਾਵਾ ਫਿਲਮ 'ਸੇਰਸਾਹ' ਦੀ ਸਕ੍ਰੀਨਿੰਗ 'ਚ ਵੀ ਇਕੱਠੇ ਨਜਰ ਆਏ ਸਨ। ਕੈਫ ਦੇ ਘਰ ਵੀ ਦੇਖੇ ਗਏ ਸਨ। ਦੋਵਾਂ ਨੂੰ ਲਾਕਡਾਊਨ 'ਚ ਵੀ ਇਕੱਠੇ ਦੇਖਿਆ ਗਿਆ ਸੀ। ਇਸ ਤੋਂ ਇਲਾਵਾ ਦੋਵਾਂ ਨੇ ਇਕੱਠੇ ਛੁੱਟੀਆਂ ਵੀ ਮਨਾਈਆਂ। ਇਸ ਸਭ ਦੇ ਬਾਵਜੂਦ ਕੈਟਰੀਨਾ ਕੈਫ ਅਤੇ ਵਿੱਕੀ ਕੌਸਲ ਨੇ ਆਪਣੇ ਰਿਸਤੇ ਨੂੰ ਸਵੀਕਾਰ ਨਹੀਂ ਕੀਤਾ ਹੈ। ਦੋਵੇਂ ਅੱਜ ਵੀ ਲੋਕਾਂ ਲਈ ਫ੍ਰੈਂਡ ਜੋਨ 'ਚ ਬਣੇ ਹੋਏ ਹਨ ਜਦਕਿ ਉਨ੍ਹਾਂ ਦੇ ਅਫੇਅਰ ਦੀ ਪੁਸਟੀ ਹਰਸਵਰਧਨ ਕਪੂਰ ਨੇ ਕੀਤੀ ਹੈ। ਖੁਰਾਨਾ ਅਤੇ ਗਜੇਂਦਰ ਰਾਓ ਨੇ ਵੀ ਅਫੇਅਰ ਦੇ ਮਾਮਲੇ 'ਤੇ ਮੋਹਰ ਲਗਾ ਦਿੱਤੀ ਹੈ। ਕੈਟਰੀਨਾ ਕੈਫ ਦਾ ਅਫੇਅਰ ਇਸ ਤੋਂ ਪਹਿਲਾਂ ਸਲਮਾਨ ਖਾਨ ਅਤੇ ਰਣਬੀਰ ਕਪੂਰ ਨਾਲ ਸੀ, ਹਾਲਾਂਕਿ ਬਾਅਦ 'ਚ ਦੋਹਾਂ ਦਾ ਅਫੇਅਰ ਟੁੱਟ ਗਿਆ। ਵਿੱਕੀ ਕੌਸਲ ਹਰਲੀਨ ਸੇਠੀ ਨਾਲ ਵੀ ਰਿਲੇਸਨਸਪਿ 'ਚ ਸਨ।

# ਅਦਾਕਾਰਾ ਜੈਕਲੀਨ ਫਰਨਾਂਡੀਜ ਨੂੰ ਮੁੰਬਈ ਏਅਰਪੋਰਟ 'ਤੇ ਹਿਰਾਸਤ 'ਚ ਲੈਣ ਮਗਰੋਂ ਕੀਤਾ ਰਿਹਾਅ



ਬਾਲੀਵੁੱਡ ਅਦਾਕਾਰਾ ਜੈਕਲੀਨ ਫਰਨਾਂਡੀਜ ਨੂੰ ਮੁੰਬਈ ਏਅਰਪੋਰਟ 'ਤੇ ਹਿਰਾਸਤ 'ਚ ਲਿਆ ਗਿਆ ਸੀ ਤੇ ਥੋੜ੍ਹੀ ਦੇਰ ਬਾਅਦ ਰਿਹਾਅ ਕਰ ਦਿੱਤਾ ਗਿਆ। ਉਨ੍ਹਾਂ ਨੂੰ ਈ. ਡੀ. ਸਾਹਮਣੇ ਪੇਸ਼ ਹੋਣ ਲਈ ਕਿਹਾ ਗਿਆ ਹੈ। ਜਾਣਕਾਰੀ ਅਨੁਸਾਰ ਐਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਦੇ ਲੁੱਕਆਊਟ ਸਰਕੁਲਰ ਦੇ ਚਲਦਿਆਂ ਅਦਾਕਾਰਾ ਨੂੰ ਰੋਕਿਆ ਗਿਆ ਤੇ ਬਾਅਦ 'ਚ ਹਿਰਾਸਤ 'ਚ ਲੈ ਲਿਆ ਗਿਆ ਸੀ।

ਜੈਕਲੀਨ ਇਕ ਸ਼ੋਅ ਲਈ ਵਿਦੇਸ਼ ਜਾ ਰਹੇ ਸਨ। ਉਨ੍ਹਾਂ ਦੇ ਲਾਫ ਮਨੀਲਾਂਡਰਿੰਗ ਮਾਮਲੇ 'ਚ ਈ. ਡੀ. ਦੀ ਜਾਂਚ ਚੱਲ ਰਹੀ ਹੈ। ਦੱਸ ਦੇਈਏ ਕਿ ਈ. ਡੀ. ਨੇ 200 ਕਰੋੜ ਦੇ ਮਨੀਲਾਂਡਰਿੰਗ ਮਾਮਲੇ 'ਚ ਸੁਕੇਸ਼ ਚੰਦਰਸ਼ੇਖਰ ਤੇ ਹੋਰਾਂ ਦੇ ਖਿਲਾਫ ਚਾਰਜਸ਼ੀਟ ਦਾਖਲ ਕੀਤੀ ਹੈ। ਕੇਂਦਰੀ ਏਜੰਸੀ ਨੂੰ ਸੁਕੇਸ਼ ਤੇ ਅਦਾਕਾਰਾ ਜੈਕਲੀਨ ਫਰਨਾਂਡੀਜ ਵਿਚਾਲੇ ਵਿੱਤੀ ਲੈਣ-ਦੇਣ ਦੇ ਸਬੂਤ ਮਿਲੇ ਸਨ।ਤਿਹਾੜ ਜੇਲ੍ਹ ਤੋਂ 200 ਕਰੋੜ ਰੁਪਏ ਵਸੂਲਣ ਦੇ ਮਾਮਲੇ 'ਚ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਕਥਿਤ ਠੱਗ ਸੁਕੇਸ਼ ਚੰਦਰਸ਼ੇਖਰ, ਉਸ ਦੀ ਪਤਨੀ ਅਦਾਕਾਰਾ ਲੀਨਾ ਮਾਰੀਆ ਪੌਲ ਅਤੇ 6 ਹੋਰ ਲੋਕਾਂ ਖਲਿਾਫ 200 ਕਰੋੜ ਰੁਪਏ ਦੇ ਮਨੀ ਲਾਂਡਰਿੰਗ ਮਾਮਲੇ 'ਚ 7,000 ਪੰਨਿਆਂ ਦੀ ਚਾਰਜਸੀਟ ਦਾਇਰ ਕੀਤੀ ਗਈ ਹੈ। ਈਡੀ ਦੀ ਚਾਰਜਸੀਟ 'ਚ ਕਈ ਸਨਸਨੀਖੇਜ ਖੁਲਾਸੇ ਹੋਏ ਹਨ। ਇਹ ਚਾਰਜਸੀਟ ਦਿੱਲੀ ਦੀ ਪਟਿਆਲਾ ਹਾਊਸ ਕੋਰਟ 'ਚ ਦਾਖਲ ਕੀਤੀ ਗਈ ਹੈ, ਜਿਸ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਮਹਾਠੱਗ ਸੁਕੇਸ ਚੰਦਰਸੇਖਰ ਨੇ ਬਾਲੀਵੁੱਡ ਅਦਾਕਾਰਾ ਜੈਕਲੀਨ ਫਰਨਾਂਡੀਜ ਅਤੇ ਨੋਰਾ ਫਤੇਹੀ ਨੂੰ ਕਰੋੜਾਂ ਰੁਪਏ ਦੇ ਤੋਹਫੇ ਦਿੱਤੇ ਹਨ।

**ਕਰੋੜਾਂ ਦੇ ਦਿੱਤੇ ਤੋਹਫੇ**

ਰਿਪੋਰਟਰਜ ਅਨੁਸਾਰ ਚਾਰਜਸ਼ੀਟ 'ਚ ਜਾਂਚ ਏਜੰਸੀ ਨੇ ਦੱਸਿਆ ਕਿ ਸੁਕੇਸ਼ ਚੰਦਰਸ਼ੇਖਰ ਨੇ ਅਦਾਕਾਰਾ ਜੈਕਲੀਨ ਨੂੰ 10 ਕਰੋੜ ਰੁਪਏ ਦੇ ਤੋਹਫੇ ਦਿੱਤੇ ਹਨ, ਜਿਸ 'ਚ 52 ਲੱਖ ਦਾ ਘੋੜਾ ਅਤੇ 9 ਲੱਖ ਦੀ ਫਾਰਸੀ ਬਿੱਲੀ ਦਾ ਜਕਿਰ ਕੀਤਾ ਗਿਆ ਹੈ। ਇੰਨਾ ਹੀ ਨਹੀਂ ਚਾਰਜਸ਼ੀਟ 'ਚ ਨੋਰਾ ਫਤੇਹੀ ਨੂੰ ਵੀ ਦਿੱਤੇ ਕਰੋੜਾਂ ਦੇ ਤੋਹਫਿਆਂ ਦਾ ਜਕਿਰ ਕੀਤਾ ਗਿਆ ਹੈ। ਦੋਸ਼ ਹੈ ਕਿ ਚੰਦਰਸ਼ੇਖਰ ਨੇ ਤਿਹਾੜ ਜੇਲ੍ਹ 'ਚ ਬੰਦ ਇਕ ਕਾਰੋਬਾਰੀ ਦੀ ਪਤਨੀ ਤੋਂ 200 ਕਰੋੜ ਰੁਪਏ ਦੀ ਜਬਰਨ ਵਸੂਲੀ ਕੀਤੀ ਸੀ।

# 'ਸ਼ਾਵਾ ਨੀ ਗਿਰਧਾਰੀ ਲਾਲ' 'ਚ ਗਿੱਪੀ ਨਾਲ ਸੱਤ ਅਦਾਕਾਰਾਂ, ਕੌਣ ਹੋਵੇਗੀ 'ਗਿਰਧਾਰੀ ਲਾਲ' ਦੀ ਵਹੁਟੀ ?



ਆਉਣ ਵਾਲੀ ਫਿਲਮ ਦੀ ਝਲਕ ਦਿੰਦੇ ਹੋਏ ਹੰਬਲ ਮੋਸਨ ਪਿਕਚਰਜ ਤੇ ਪੂਜਾ ਐਂਟਰਟੇਨਮੈਂਟ ਵੱਲੋਂ ਨਿਰਮਿਤ ਤੇ ਓਮਜੀ ਸਟਾਰ ਸਟੂਡੀਓਜ ਦੁਆਰਾ ਡਿਸਟ੍ਰੀਬਿਊਟ ਹੋਣ ਵਾਲੀ ਫਿਲਮ 'ਸਾਵਾ ਨੀ ਗਿਰਧਾਰੀ ਲਾਲ' ਦਾ ਟਰੇਲਰ ਬੀਤੇ ਦਿਨੀਂ ਰਿਲੀਜ ਹੋ ਗਿਆ। ਫਿਲਮ ਦੇ ਇਸ ਟਰੇਲਰ ਨੂੰ ਲੋਕਾਂ ਵਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਜਿਵੇਂ ਗਿਰਧਾਰੀ ਲਾਲ ਉਰਫ ਗਿੱਪੀ ਗਰੇਵਾਲ ਟਰੇਲਰ 'ਚ ਆਖਦਾ ਹੈ, ''ਤੇਰੇ ਤਾਂ ਕੋਈ ਪੈਰ ਵਰਗੀ ਨੀ ਹੈਗੀ', ਸਾਰੀਆਂ ਅਦਾਕਾਰਾਂ ਆਮ ਪੰਜਾਬੀ ਪਹਿਰਾਵੇ 'ਚ ਸਾਨਦਾਰ ਲੱਗ ਰਹੀਆਂ ਹਨ। ਪੰਜਾਬੀ ਫਿਲਮ ਇੰਡਸਟਰੀ ਦੀਆਂ ਸੱਤ ਨਾਮਵਰ ਅਦਾਕਾਰਾਂ ਨੀਰੂ ਬਾਜਵਾ, ਹਿਮਾਂਸੀ ਖੁਰਾਣਾ, ਸੁਰੀਲੀ ਗੌਤਮ, ਤਨੂ ਗਰੇਵਾਲ, ਸਾਰਾ ਗੁਰਪਾਲ, ਪਾਇਲ ਰਾਜਪੂਤ ਤੇ ਬਾਲੀਵੁੱਡ ਦੀ ਨਾਮੀ ਅਦਾਕਾਰਾ ਯਾਮੀ ਗੌਤਮ ਨੂੰ ਫਿਲਮ 'ਚ ਸਾਮਲ ਕੀਤਾ ਹੈ। ਟਰੇਲਰ 'ਚ ਗਿੱਪੀ ਗਰੇਵਾਲ ਦੀ ਭੂਮਿਕਾ ਇੱਕ ਬਹੁਤ ਹੀ ਮਾਸੂਮ ਪਰ ਸਰਾਰਤੀ ਮੁੰਡੇ ਦੇ ਰੂਪ 'ਚ ਨਜਰ ਆ ਰਹੀ ਹੈ, ਜੋ ਹਰ ਦੂਜੀ ਕੁੜੀ ਵੱਲ ਆਕਰਸਤਿ ਹੋ ਜਾਂਦਾ ਹੈ। 'ਸਾਵਾ ਨੀ ਗਿਰਧਾਰੀ ਲਾਲ' ਨੇ ਨਾ ਸਿਰਫ ਫਿਲਮ ਦਾ ਪੱਧਰ ਉੱਚਾ ਕੀਤਾ ਹੈ ਸਗੋਂ ਪੰਜਾਬੀ ਫਿਲਮ ਇੰਡਸਟਰੀ ਦਾ ਮਿਆਰ ਵੀ ਉੱਚਾ ਕੀਤਾ ਹੈ, ਇਹ ਕਾਮੇਡੀ, ਸੰਗੀਤ ਤੇ ਸਰਾਰਤੀ ਰੋਮਾਂਸ ਦਾ ਪਿਟਾਰਾ ਹੋਵੇਗੀ। ਗਿੱਪੀ ਗਰੇਵਾਲ ਤੇ ਹਿਮਾਂਸ਼ੀ ਖੁਰਾਣਾ - ਟਰੇਲਰ ਇਸ ਗੱਲ ਦਾ ਸੱਚਾ ਪ੍ਰਮਾਣ ਹੈ ਕਿ ਇਹ ਫਿਲਮ ਆਪਣੀ ਵਿਲੱਖਣਤਾ ਦਾ ਪੂਰਾ ਫਾਇਦਾ ਛੱਕਣ 'ਚ ਕਾਮਯਾਬ ਹੋਵੇਗੀ ਅਤੇ ਇਸ ਦੇ ਲੇਖਕ ਗਿੱਪੀ ਗਰੇਵਾਲ ਤੇ ਰਾਣਾ ਰਣਬੀਰ ਨੇ ਇਸ ਫਿਲਮ ਨੂੰ ਲਿਖ ਕੇ ਪੰਜਾਬੀ ਫਿਲਮਾਂ ਦੀ ਝੜੀ ਲਗਾ ਦਿੱਤੀ ਹੈ। ਆਪਣੇ ਨਜਦੀਕੀ ਸਿਨੇਮਾ ਹਾਲਾਂ 'ਚ 17 ਦਸੰਬਰ 2021 ਨੂੰ 'ਗਿਰਧਾਰੀ ਲਾਲ' ਦੀ ਵਹੁਟੀ ਕੌਣ ਹੋਵੇਗੀ, ਇਹ ਦੇਖਣਾ ਨਾ ਭੁੱਲਣਾ।

# ਮਾਲਦੀਵ 'ਚ ਛੁੱਟੀਆਂ ਦਾ ਆਨੰਦ ਮਾਣਦੇ ਨਜ਼ਰ ਆਏ ਅਰਜੁਨ ਕਪੂਰ ਤੇ ਮਲਾਇਕਾ ਅਰੋੜਾ

ਅਰਜੁਨ ਕਪੂਰ ਸੋਸ਼ਲ ਮੀਡੀਆ 'ਤੇ ਬੇਹੱਦ ਸਰਗਰਮ ਰਹਿੰਦੇ ਹਨ। ਉਹ ਅਕਸਰ ਆਪਣੀਆਂ ਤਸਵੀਰਾਂ ਤੇ ਵੀਡੀਓਜ ਪ੍ਰਸ਼ੰਸਕਾਂ ਨਾਲ ਸਾਂਝੀਆਂ ਕਰਦੇ ਰਹਿੰਦੇ ਹਨ। ਇਨ੍ਹੀਂ ਦਿਨੀਂ ਅਦਾਕਾਰ ਆਪਣੀ ਗਰਲਫਰੈਂਡ ਮਲਾਇਕਾ ਅਰੋਡਾ ਨਾਲ ਮਾਲਦੀਵ 'ਚ ਛੁੱਟੀਆਂ ਮਨਾ ਰਹੇ ਹਨ। ਉਨ੍ਹਾਂ ਨੇ ਸ਼ਨੀਵਾਰ ਨੂੰ ਆਪਣੇ ਸ਼ੋਸ਼ਲ ਮੀਡੀਆ ਹੈਂਡਲ 'ਤੇ ਤਸਵੀਰਾਂ ਸਾਂਝੀਆਂ ਕੀਤੀਆਂ ਹਨ, ਜਿਨ੍ਹਾਂ 'ਚ ਉਹ ਆਨੰਦ ਮਾਣਦੇ ਨਜਰ ਆ ਰਹੇ ਹਨ ਪਰ ਇਨ੍ਹਾਂ ਤਸਵੀਰਾਂ 'ਚ ਮਲਾਇਕਾ ਅਰੋਡਾ ਨਜ਼ਰ ਨਹੀਂ ਆ ਰਹੀ ਹੈ।





ਇਹ ਤਸਵੀਰਾਂ ਅਦਾਕਾਰ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਸਾਂਝੀਆਂ ਕੀਤੀਆਂ ਹਨ। ਇਨ੍ਹਾਂ ਸਾਰੀਆਂ ਤਸਵੀਰਾਂ 'ਚ ਅਰਜੁਨ ਕਪੂਰ ਸੈਲਫੀ ਲੈਂਦੇ ਨਜਰ ਆ ਰਹੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਤਸਵੀਰਾਂ ਸਾਂਝੀਆਂ ਕਰਦਿਆਂ ਖੁਦ ਨੂੰ ਸੈਲਫੀ ਕਿੰਗ ਦੱਸਦੇ ਹੋਏ ਕੈਪਸਨ ਲਿਖੀ, 'ਸੈਲਫੀ ਕਿੰਗ ਵਲੋਂ ਨਮਸਕਾਰ।' ਅਦਾਕਾਰ ਦੀਆਂ ਇਨ੍ਹਾਂ ਤਸਵੀਰਾਂ ਨੂੰ ਸੋਸਲ ਮੀਡੀਆ 'ਤੇ ਖੂਬ ਪਸੰਦ ਕੀਤਾ ਜਾ ਰਿਹਾ ਹੈ। ਨਾਲ ਹੀ ਬਾਲੀਵੁੱਡ ਸਿਤਾਰੇ ਕੁਮੈਂਟ ਕਰਕੇ ਆਪਣੀ ਪ੍ਰਤੀਕਿਰਿਆ ਦੇ ਰਹੇ ਹਨ। ਅਦਾਕਾਰਾ ਪਰਿਣੀਤੀ ਚੋਪੜਾ ਨੇ ਲਿਖਿਆ, 'ਜਲਦੀ ਸਨਗਲਾਸ ਭੇਜੋ।' ਇਸ ਦੇ ਨਾਲ ਹੀ ਅਦਾਕਾਰਾ ਤਾਰਾ ਸੁਤਾਰੀਆ ਨੇ ਲਿਖਿਆ, 'ਦੂਜੀ ਤਸਵੀਰ 'ਚ ਕੀ ਤੁਸੀਂ ਆਪਣੇ ਤਣਾਅ ਦੀ ਸਕਿਾਇਤ 'ਤੇ ਪ੍ਰਤੀਕਿਰਿਆ ਦੇ ਰਹੇ ਹੋ।'

ਇਸ ਦੇ ਨਾਲ ਹੀ ਉਨ੍ਹਾਂ ਨੇ ਸਨੀਵਾਰ ਨੂੰ ਆਪਣੀ ਇੰਸਟਾਗ੍ਰਾਮ ਸਟੋਰੀ 'ਤੇ ਇਕ ਵੀਡੀਓ ਸਾਂਝੀ ਕੀਤੀ, ਜਿਸ 'ਚ ਮਲਾਇਕਾ ਅਰੋੜਾ ਤੇ ਅਰਜੁਨ ਕਪੂਰ ਸਾਈਕਲਿੰਗ ਦਾ ਆਨੰਦ ਲੈ ਰਹੇ ਹਨ।


The ONLY temple in the world outside India dedicated to Shri Shani Maharaj


# Shri SHANI DEV Mandir, New York
# Sarvamangala Shri SANEESWARA Temple, New York

*Regular Poojas' and Homas' are conducted on daily basis:*

*Special Poojas:*

*+ Sri Saneeswara homam*
*+ Sri Saneeswara - parikara pooja*
*+ Sri Saneeswara harati*
*+ Sri Navagraha Homa*
*+ Poornima: vrata Pooja*
*+ Pradosham Pooja*
*+ Sri Sankatahara chaturthi Pooja*
*+ Sri Satyanarayana Vratha*
*+ Birthdays / Weddings / Upanayanam & More… … .*




**1616 Hillside Avenue, Temple Suits**
**New Hyde Park NY 11040**
**Ph: 718 740 9400 / 516 358 9400**
**Email: temple.navagraha@gmail.com**

**Temple Hours: 8.00 am to 9.00 pm**

***The Temple entrance is in the western side parking lot behind Hot Breads & Maharajas in New Hyde Park NY***

***Functions of the space:***

***Temple / Community Events / Senior Social Day Care Center / Art & Music School / Library / Spiritual Lounge / Gift Shop***

**www.NavagrahaUSA.com**